ਅਨੁਲੱਗ-4

ਮਾਰਗ-ਦਰਸ਼ਨ ਨੋਟ – ਗਾਹਕਾਂ (Client/Investor) ਲਈ ਕਰਨ ਯੋਗ ਅਤੇ ਨਾ ਕਰਨ ਯੋਗ ਗੱਲਾਂ

ਕਰਨ ਯੋਗ ਗੱਲਾਂ

1. ਐਕਸਚੇਂਜ (Exchange) ਦੇ ਸਿਰਫ ਪੰਜੀਕ੍ਰਿਤ ਸਦੱਸਾਂ (Members/Stock Brokers) ਦੇ ਜ਼ਰੀਏ ਟ੍ਰੇਡ ਕਰੋ। ਐਕਸਚੇਂਜ ਵਿੱਚ ਸਦੱਸ ਪੰਜੀਕ੍ਰਿਤ ਹੈ ਜਾਂ ਨਹੀਂ, ਇਹ ਜਾਣਨ ਲਈ ਹੇਠਾਂ ਦਿੱਤੇ ਲਿੰਕ .... ਤੇ ਐਕਸਚੇਂਜ ਦੀ ਵੈੱਬਸਾਇਟ ਨੂੰ ਦੇਖੋ।
2. ਟ੍ਰੇਡਿੰਗ ਸ਼ੁਰੂ ਕਰਨ ਤੋਂ ਪਹਿਲਾਂ ਤੁਸੀਂ ਮਾਨਕ 'ਆਪਣੇ ਗਾਹਕ ਨੂੰ ਜਾਣੋ (KYC)' ਫਾਰਮ ਭਰੇ ਜਾਣ ਦੀ ਬੇਨਤੀ ਕਰੋ।
3. ਇੱਕ ਅਨੂਠੇ ਕਲਾਇੰਟ ਕੋਡ (UCC) ਨੂੰ ਪ੍ਰਾਪਤ ਕਰਨ ਦੀ ਬੇਨਤੀ ਕਰੋ ਅਤੇ ਯਕੀਨੀ ਬਣਾਓ ਕਿ ਤੁਹਾਡੇ ਸਾਰੇ ਸੌਦੇ ਕਥਿਤ UCC ਦੇ ਤਹਿਤ ਹੀ ਕੀਤੇ ਜਾਣ।
4. 'ਜੋਖਮ ਪ੍ਰਕਟੀਕਰਣ ਦਸਤਾਵੇਜ਼' ਦੀ ਇੱਕ ਮਾਨਕ ਨਕਲ ਪੜ੍ਹਣ ਅਤੇ ਉਸ ਤੇ ਹਸਤਾਖਰ ਕਰਨ ਦੀ ਬੇਨਤੀ ਕਰੋ।
5. ਆਪਣੇ KYC ਅਤੇ/ਜਾਂ ਤੁਹਾਡੇ ਦੁਆਰਾ ਸਦੱਸ ਦੇ ਨਾਲ ਪੇਸ਼ ਕੀਤੇ ਹੋਰ ਦਸਤਾਵੇਜ਼ਾਂ ਦੀ ਇੱਕ ਨਕਲ ਸਦੱਸ ਤੋਂ ਪ੍ਰਾਪਤ ਕਰੋ।
6. ਐਕਸਚੇਂਜ ਤੇ ਕੀਤੇ ਜਾਣ ਵਾਲੇ ਸੌਦਿਆਂ ਦੀ ਅਸਲਿਅਤ ਦੀ ਦੋਹਰੀ ਜਾਂਚ ਹੇਠਾਂ ਦਿੱਤੇ ਲਿੰਕ ਤੇ ਐਕਸਚੇਂਜ ਦੀ ਵੈੱਬਸਾਇਟ .... ਤੇ ਉਪਲਬਧ ਟ੍ਰੇਡ ਪੁਸ਼ਟੀਕਰਨ ਸੁਵਿਧਾ ਨਾਲ ਕਰੋ । ਸੌਦਿਆਂ ਦਾ ਆਨਲਾਇਨ ਪੁਸ਼ਟੀਕਰਨ ਕੀਤਾ ਜਾ ਸਕਦਾ ਹੈ ਜਿੱਥੇ ਟ੍ਰੇਡ ਜਾਣਕਾਰੀ ਟ੍ਰੇਡ ਦੀ ਮਿਤੀ ਤੋਂ 5 ਕੰਮਕਾਜੀ ਦਿਨਾਂ ਤਕ ਉਪਲਬਧ ਹੁੰਦੀ ਹੈ।
7. ਹਰੇਕ ਕੀਤੇ ਗਏ ਟ੍ਰੇਡ ਲਈ, ਟ੍ਰੇਡ ਦੇ 24 ਘੰਟਿਆਂ ਦੇ ਅੰਦਰ, ਨਿਰਦਿਸ਼ਟ ਫੋਰਮੈਟ ਵਿੱਚ ਇੱਕ ਸਮੁੱਚੇ ਹਸਤਾਖਰ ਕੀਤੇ ਕਾਂਟ੍ਰੈਕਟ ਨੋਟ ਵਾਸਤੇ ਬੇਨਤੀ ਕਰੋ ਜਿਸ ਵਿੱਚ ਤੁਹਾਡੇ UCC ਦੇ ਨਾਲ ਟ੍ਰੇਡ ਦੇ ਵਿਵਰਣ ਦਿੱਤੇ ਗਏ ਹੋਣ।
8. ਯਕੀਨੀ ਬਣਾਓ ਕਿ ਕਾਂਟ੍ਰੈਕਟ ਨੋਟ ਵਿੱਚ ਸਾਰੀ ਸਬੰਧਤ ਜਾਣਕਾਰੀ ਹੋਵੇ ਜਿਵੇਂ ਕਿ ਸਦੱਸ ਪੰਜੀਕਰਨ ਸੰਖਿਆ, ਆਰਡਰ ਸੰ., ਆਰਡਰ ਦੀ ਮਿਤੀ, ਆਰਡਰ ਦਾ ਸਮਾਂ, ਟ੍ਰੇਡ ਸੰ., ਟ੍ਰੇਡ ਦਰ, ਮਾਤਰਾ, ਸਾਲਸੀ ਧਾਰਾ ਆਦਿ।
9. ਸਦੱਸ ਦੇ ਕੋਲੋਂ ਮਾਰਜਨ ਦੇ ਰੂਪ ਵਿੱਚ ਜਮਾਂ ਬੰਧਕਾਂ ਦੀ ਰਸੀਦ ਪ੍ਰਾਪਤ ਕਰੋ।
10. ਆਪਣੇ ਅਤੇ ਸਦੱਸ ਦੇ ਅਧਿਕਾਰ ਅਤੇ ਕਾਰਜ ਜਾਣਨ ਲਈ ਐਕਸਚੇਂਜ ਅਤੇ ਨਿਯਾਮਕਾਂ, ਸਰਕਾਰ ਅਤੇ ਹੋਰ ਅਧਿਕਾਰੀਆਂ ਦੇ ਨਿਯਮ, ਉਪ-ਨਿਯਮ, ਨਿਯਾਮਕ, ਪਰਿ-ਪੱਤਰ, ਨਿਰਦੇਸ਼ਕ, ਅਧਿਸੂਚਨਾਵਾਂ ਆਦਿ ਨੂੰ ਦੇਖੋ।
11. ਲੈਣ-ਦੇਣ ਕਰਨ ਤੋਂ ਪਹਿਲਾਂ ਆਪਣੇ ਸਦੱਸ ਤੋਂ ਸਾਰੇ ਸਬੰਧਤ ਸੁਆਲ ਪੁੱਛੋ ਅਤੇ ਆਪਣੇ ਸ਼ੱਕ ਦੂਰ ਕਰੋ।
12. ਹਰੇਕ ਨਿਪਟਾਨ ਦੇ ਬਿੱਲਾਂ ਦੀ ਪ੍ਰਾਪਤੀ ਵਾਸਤੇ ਬੇਨਤੀ ਕਰੋ।
13. ਆਪਣੇ ਖਾਤੇ ਦੇ ਮਾਸਕ ਵਿਵਰਣ ਵਾਸਤੇ ਬੇਨਤੀ ਕਰੋ ਅਤੇ ਵਿਵਰਣ ਵਿੱਚ ਕੋਈ ਵੀ ਅਨਿਰੰਤਰਤਾ ਦੀ ਸੂਚਨਾ ਆਪਣੇ ਸਦੱਸ ਨੂੰ 7 ਕੰਮਕਾਜੀ ਦਿਨਾਂ ਦੇ ਅੰਦਰ ਦਿਓ। ਅਸੰਤੁਸ਼ਟੀਜਨਕ ਜਵਾਬ ਦੀ ਸਥਿਤੀ ਵਿੱਚ ਅਨਿਰੰਤਰਤਾ ਦੀ ਰਿਪੋਰਟ ਐਕਸਚੇਂਜ ਨੂੰ ਕਾਰਵਾਈ ਦੀ ਮਿਤੀ ਤੋਂ 15 ਕੰਮਕਾਜੀ ਦਿਨਾਂ ਦੇ ਅੰਦਰ ਕਰੋ।
14. ਆਪਣੇ ਡਿਪੋਜ਼ਿਟਰੀ ਭਾਗੀਦਾਰ ਤੋਂ ਪ੍ਰਾਪਤ ਲੈਣ-ਦੇਣ ਅਤੇ ਹੋਲਡਿੰਗ ਵਿਵਰਣਾਂ ਦੀ ਬਰੀਕੀ ਨਾਲ ਜਾਂਚ ਕਰੋ।
15. DP ਦੁਆਰਾ ਜਾਰੀ ਕੀਤੇ ਡਿਲਿਵਰੀ ਨਿਰਦੇਸ਼ ਪਰਚੀਆਂ (DIS) ਕਿਤਾਬ ਸੁਰੱਖਿਅਤ ਕਬਜ਼ੇ ਵਿੱਚ ਰੱਖੋ।
16. ਯਕੀਨੀ ਬਣਾਓ ਕਿ DIS ਸੰਖਿਆ ਪਹਿਲਾਂ ਤੋਂ ਛਪੀ ਹੋਵੇ ਅਤੇ ਤੁਹਾਡਾ ਖਾਤਾ ਨੰਬਰ (UCC) DIS ਕਿਤਾਬ ਵਿੱਚ ਲਿੱਖਿਆ ਹੋਵੇ।
17. ਲੰਬੀ ਅਵਧੀ ਤਕ ਆਪਣੀ ਗੈਰ-ਹਾਜ਼ਰੀ ਜਾਂ ਖਾਤਾ ਅਕਸਰ ਉਪਯੋਗ ਨਾ ਕੀਤੇ ਜਾਣ ਦੇ ਮਾਮਲੇ ਵਿੱਚ ਆਪਣਾ ਡੀਮੈਟ ਖਾਤਾ ਫ੍ਰੀਜ਼ ਕਰ ਦਿਓ।

18. ਜ਼ਰੂਰੀ ਮਾਰਜਨਾਂ ਦਾ ਭੁਗਤਾਨ ਸਮੇਂ ਤੇ, ਅਤੇ ਸਿਰਫ ਚੈੱਕ ਦੁਆਰਾ ਕਰੋ ਅਤੇ ਸਦੱਸ ਨੂੰ ਉਸ ਦੀ ਰਸੀਦ ਦੇਣ ਦੀ ਬੇਨਤੀ ਕਰੋ।
19. ਵਿਕਰੀ ਦੀ ਸਥਿਤੀ ਵਿੱਚ ਕਮੋਡਿਟੀਜ਼ (Commodities) ਦੀ ਡਿਲਿਵਰੀ ਜਾਂ ਖਰੀਦ ਦੀ ਸਥਿਤੀ ਵਿੱਚ ਰਕਮ ਦਾ ਭੁਗਤਾਨ ਸਮੇਂ ਤੇ ਕਰੋ।
20. ਡੇਰਿਵੇਟਿਵਸ (Derivatives) ਲਈ ਖਾਤਾ ਮਾਨਕਾਂ ਨੂੰ ਸਮਝੋ ਅਤੇ ਉਨ੍ਹਾਂ ਦੀ ਪਾਲਣਾ ਕਰੋ।
21. ਤੁਹਾਡੇ ਅਤੇ ਸਦੱਸ ਦੇ ਵਿੱਚ ਸਹਿਮਤੀ ਪ੍ਰਾਪਤ ਸਵੈਇੱਛਤ ਪ੍ਰਾਵਧਾਨਾਂ, ਜੇ ਕੋਈ ਹੋਣ, ਨੂੰ ਪੜ੍ਹਣ, ਸਮਝਣ ਅਤੇ ਫੇਰ ਉਨ੍ਹਾਂ ਤੇ ਹਸਤਾਖਰ ਕਰਨ ਨੂੰ ਯਕੀਨੀ ਬਣਾਓ । ਨੋਟ ਕਰੋ ਕਿ ਤੁਹਾਡੇ ਅਤੇ ਸਦੱਸ ਦੁਆਰਾ ਸਹਿਮਤੀ-ਪ੍ਰਾਪਤ ਪ੍ਰਾਵਧਾਨ ਤੁਹਾਡੀ ਸਹਿਮਤੀ ਤੋਂ ਬਿਨਾਂ ਬਦਲੇ ਨਹੀਂ ਜਾ ਸਕਦੇ ਹਨ।
22. ਸਦੱਸ ਦੁਆਰਾ ਤੁਹਾਡੇ ਤੋਂ ਟ੍ਰੇਡਿੰਗ ਵਾਸਤੇ ਲਿੱਤੇ ਜਾਣ ਵਾਲੇ ਸਮੁੱਚੀ ਦਲਾਲੀ, ਕਮਿਸ਼ਨਾਂ, ਫੀਸਾਂ ਅਤੇ ਹੋਰ ਸ਼ੁਲਕਾਂ ਅਤੇ SEBI ਕਮੋਡਿਟੀ ਐਕਸਚੇਂਜਾਂ ਦੁਆਰਾ ਨਿਰਦਿਸ਼ਟ ਸਬੰਧਤ ਪ੍ਰਾਵਧਾਨਾਂ/ਦਿਸ਼ਾ-ਨਿਰਦੇਸ਼ਾਂ ਦੇ ਬਾਰੇ ਸਪਸ਼ਟ ਜਾਣਕਾਰੀ ਪ੍ਰਾਪਤ ਕਰੋ।
23. ਸਦੱਸ ਦੇ ਪੱਖ ਵਿੱਚ ਦੇਣਯੋਗ ਖਾਤੇ ਵਿੱਚ ਭੁਗਤਾਨ (ਅਕਾਉਂਟ ਪੇਈ) ਚੈੱਕ ਦੁਆਰਾ ਭੁਗਤਾਨ ਕਰੋ । ਯਕੀਨੀ ਬਣਾਓ ਕਿ ਤੁਹਾਡੇ ਕੋਲ ਸਦੱਸ ਨੂੰ ਤੁਹਾਡੇ ਦੁਆਰਾ ਭੁਗਤਾਨ/ਕਮੋਡਿਟੀਜ਼ (Commodities) ਜਮਾਂ, ਸ਼ੁਰੂਆਤੀ ਮਿਤੀ, ਕਮੋਡਿਟੀ, ਮਾਤਰਾ, ਜਿਸ ਬੈਂਕ/ਡੀਮੈਟ ਖਾਤੇ ਵਿੱਚ (ਗੋਦਾਮ ਰਸੀਦਾਂ ਦੇ ਰੂਪ ਵਿੱਚ) ਅਤੇ ਜਿਸ ਬੈਂਕ/ਡੀਮੈਟ ਖਾਤੇ ਤੋਂ ਜਮਾਂ ਕੀਤਾ ਗਿਆ ਹੋਵੇ, ਉਸ ਦੇ ਦਸਤਾਵੇਜ਼ੀ ਪ੍ਰਮਾਣ ਹੋਣ।
24. ਤੁਹਾਡੇ ਦੁਆਰਾ ਸਦੱਸ ਨੂੰ ਚਾਲੂ ਖਾਤਾ ਬਣਾਏ ਰੱਖਣ ਲਈ ਖਾਸ ਅਧਿਕਾਰ ਦਿੱਤੇ ਜਾਣ ਦੀ ਸਥਿਤੀ ਵਿੱਚ, ਐਕਸਚੇਂਜ ਤੋਂ ਭੁਗਤਾਨ ਪ੍ਰਾਪਤੀ ਨਾਲ ਇੱਕ ਕੰਮਕਾਜੀ ਦਿਨ ਵਿੱਚ ਫੰਡ ਦੇ ਭੁਗਤਾਨ ਜਾਂ ਕਮੋਡਿਟੀਜ਼ ਦੀ ਡਿਲਿਵਰੀ (ਜਿਵੇਂ ਵੀ ਮਾਮਲਾ ਹੋਵੇ) ਤੁਹਾਨੂੰ ਨਹੀਂ ਕੀਤੀ ਜਾਵੇਗੀ । ਨਾਲ ਹੀ, ਇਸ ਸਬੰਧ ਵਿੱਚ ਤੁਹਾਡੇ ਦੁਆਰਾ ਸਦੱਸ ਨੂੰ ਚਾਲੂ ਖਾਤਾ ਅਧਿਕਾਰ ਤੇ ਹੇਠਾਂ ਦਿੱਤੀਆਂ ਸ਼ਰਤਾਂ ਲਾਗੂ ਹੋਣਗੀਆਂ:
    a) ਤੁਹਾਡੇ ਦੁਆਰਾ ਅਜਿਹੇ ਅਧਿਕਾਰ ਤੇ ਮਿਤੀ ਪਈ ਹੋਵੇ, ਸਿਰਫ ਤੁਹਾਡੇ ਦੁਆਰਾ ਹਸਤਾਖਰ ਕੀਤੇ ਗਏ ਹੋਣ ਅਤੇ ਉਹ ਪ੍ਰਾਵਧਾਨ ਨਿਹਿਤ ਹੋਣ ਜੋ ਤੁਸੀਂ ਕਿਸੇ ਵੀ ਸਮੇਂ ਰੱਦ ਕਰ ਸਕਦੇ ਹੋ।
    b) ਖਾਤਾ ਵਿਵਰਣ ਨਾਲ ਸਬੰਧਤ ਕੋਈ ਵਿਵਾਦ, ਤੁਹਾਨੂੰ ਫੰਡਾਂ/ਕਮੋਡਿਟੀਜ਼ ਜਾਂ ਵਿਵਰਣ, ਜਿਵੇਂ ਦਾ ਵੀ ਮਾਮਲਾ ਹੋਵੇ, ਦੀ ਪ੍ਰਾਪਤੀ ਦੀ ਮਿਤੀ ਤੋਂ 7 (ਸੱਤ) ਕੰਮਕਾਜੀ ਦਿਨਾਂ ਦੇ ਅੰਦਰ ਸਦੱਸ ਦੀ ਜਾਣਕਾਰੀ ਵਿੱਚ ਲਿਆਉਣਾ ਹੋਵੇਗਾ। ਵਿਵਾਦ ਦੀ ਸਥਿਤੀ ਵਿੱਚ ਮਾਮਲੇ ਨਾਲ ਲਿੱਖਤ ਰੂਪ ਵਿੱਚ ਸਬੰਧਤ ਕਮੋਡਿਟੀ ਐਕਸਚੇਂਜ ਦੇ ਨਿਵੇਦਕ ਦੁਆਰਾ ਸ਼ਿਕਾਇਤ ਵਿਭਾਗ ਨੂੰ ਤੁਰੰਤ ਸੂਚਿਤ ਕਰਨਾ ਚਾਹੀਦਾ ਹੈ।
    c) ਜੇ ਤੁਸੀਂ ਚਾਲੂ ਖਾਤਾ ਬਣਾਏ ਰੱਖਣ ਦਾ ਵਿਕਲਪ ਨਹੀਂ ਚੁਣਿਆ ਹੈ ਅਤੇ ਐਕਸਚੇਂਜਾਂ ਤੋਂ ਭੁਗਤਾਨ ਪ੍ਰਾਪਤੀ ਤੋਂ ਬਾਅਦ ਅਗਲੇ ਕੰਮਕਾਜੀ ਦਿਨ ਵਿੱਚ ਭੁਗਤਾਨ ਪ੍ਰਾਪਤ ਨਾ ਹੋਇਆ ਹੋਵੇ ਤਾਂ ਕਿਰਪਾ ਕਰਕੇ ਮਾਮਲੇ ਨਾਲ ਸਦੱਸ ਨੂੰ ਜਾਣੂ ਕਰਵਾਓ । ਕੋਈ ਵਿਵਾਦ ਹੋਣ ਦੀ ਸਥਿਤੀ ਵਿੱਚ ਲਿੱਖਤ ਰੂਪ ਵਿੱਚ ਸਬੰਧਤ ਕਮੋਡਿਟੀ ਐਕਸਚੇਂਜ ਦੇ ਨਿਵੇਦਕ ਦੁਆਰਾ ਸ਼ਿਕਾਇਤ ਵਿਭਾਗ ਦੇ ਸਾਮ੍ਹਣੇ ਤੁਰੰਤ ਸ਼ਿਕਾਇਤ ਦਰਜ ਕਰਨ ਨੂੰ ਯਕੀਨੀ ਬਣਾਓ।
    d) ਟ੍ਰੇਡਿੰਗ ਦਿਨ ਦੇ ਅੰਤ ਤੇ, ਕਮੋਡਿਟੀ ਐਕਸਚੇਂਜਾਂ ਤੋਂ ਟ੍ਰੇਡ ਪੁਸ਼ਟੀਕਰਨ ਅਲਰਟਸ/ਲੈਣ-ਦੇਣ ਦੇ ਵਿਵਰਣ SMS ਜਾਂ ਈ-ਮੇਲ ਦੇ ਜ਼ਰੀਏ ਪ੍ਰਾਪਤ ਕਰਨ ਲਈ ਕਿਰਪਾ ਕਰਕੇ ਆਪਣਾ ਮੋਬਾਇਲ ਨੰਬਰ ਅਤੇ ਈ-ਮੇਲ ਆਈਡੀ ਸਦੱਸ ਦੇ ਕੋਲ ਪੰਜੀਕ੍ਰਿਤ ਕਰਵਾਓ।
25. ਖਾਸ ਤੌਰ ਤੇ ਕਮੋਡਿਟੀ ਡੇਰਿਵੇਟਿਵ ਬਜ਼ਾਰ ਵਿੱਚ ਭੁਗਤਾਨ ਚੂਕ ਜਾਂ ਸਦੱਸ ਦੇ ਦੀਵਾਲੀਆ ਹੋ ਜਾਣ ਦੀ ਸਥਿਤੀ ਵਿੱਚ, ਤੁਹਾਨੂੰ ਖੁਦ ਨੂੰ ਉਸ ਰਕਮ ਜਾਂ ਹੋਰ ਸੰਪੱਤੀ ਦੇ ਰੱਖਿਅਕ ਪ੍ਰਾਵਧਾਨਾਂ ਨਾਲ ਚੰਗੀ ਤਰ੍ਹਾਂ ਜਾਣੂ ਹੋ ਜਾਣਾ ਚਾਹੀਦਾ ਹੈ ਜੋ ਤੁਸੀਂ ਆਪਣੇ ਸਦੱਸ ਦੇ ਕੋਲ ਜਮਾਂ ਕੀਤੀ ਹੋ ਸਕਦੀ ਹੈ।

26. ਕਿਰਪਾ ਕਰਕੇ ਯਕੀਨੀ ਬਣਾਓ ਕਿ ਸਦੱਸ ਦੇ ਕੋਲ ਅਜਿਹੀ ਰਕਮ ਜਾਂ ਸੰਪੱਤੀ ਜਮਾਂ ਹੋਣ ਦਾ ਦਸਤਾਵੇਜ਼ੀ ਪ੍ਰਮਾਣ ਤੁਹਾਡੇ ਕੋਲ ਮੌਜੂਦ ਹੋਵੇ, ਜਿਸ ਵਿੱਚ ਇਸ ਦਾ ਜ਼ਿਕਰ ਹੋਵੇ ਕਿ ਕਿਸ ਖਾਤੇ ਵਿੱਚ ਉਹ ਰਕਮ ਜਾਂ ਸੰਪੱਤੀ ਜਮਾਂ ਕੀਤੀ ਗਈ ਹੈ।
27. ਸਬੰਧਤ ਸਦੱਸ/ਅਧਿਕਾਰਤ ਵਿਅਕਤੀ ਦੁਆਰਾ ਤੁਹਾਡੀ ਸਮੱਸਿਆ/ਸ਼ਿਕਾਇਤ/ਮਸਲੇ ਦਾ ਸਮਾਧਾਨ ਨਾ ਕੀਤੇ ਜਾਣ ਦੀ ਸਥਿਤੀ ਵਿੱਚ, ਤੁਸੀਂ ਮਾਮਲੇ ਨੂੰ ਸਬੰਧਤ ਕਮੋਡਿਟੀ ਐਕਸਚੇਂਜ ਦੇ ਸਾਮ੍ਹਣੇ ਲੈ ਕੇ ਜਾ ਸਕਦੇ ਹੋ । ਜੇ ਤੁਸੀਂ ਆਪਣੀ ਸ਼ਿਕਾਇਤ ਦੇ ਸਮਾਧਾਨ ਨਾਲ ਸੰਤੁਸ਼ਟ ਨਾ ਹੋਵੋ ਤਾਂ ਤੁਸੀਂ ਮਾਮਲਾ SEBI ਦੇ ਸਾਮ੍ਹਣੇ ਚੁੱਕ ਸਕਦੇ ਹੋ।

ਨਾ ਕਰਨ ਯੋਗ ਗੱਲਾਂ

1. ਕੋਈ ਵੀ ਗੈਰ-ਪੰਜੀਕ੍ਰਿਤ ਵਿਚੋਲਿਆਂ ਨਾਲ ਸੌਦੇ ਨਾ ਕਰੋ।
2. ਬਜ਼ਾਰ ਤੋਂ ਬਾਹਰ ਲੈਣ-ਦੇਣ ਨਾ ਕਰੋ ਕਿਉਂਕਿ ਅਜਿਹੇ ਲੈਣ-ਦੇਣ ਗੈਰ-ਕਨੂੰਨੀ ਹੁੰਦੇ ਹਨ ਅਤੇ ਐਕਸਚੇਂਜ ਦੇ ਅਧਿਕਾਰ-ਖੇਤਰ ਤੋਂ ਬਾਹਰ ਹੁੰਦੇ ਹਨ।
3. ਕਿਸੇ ਸਦੱਸ ਨਾਲ ਯਕੀਨੀ ਪ੍ਰਤੀਫਲ ਸਮਝੌਤਾ ਨਾ ਕਰੋ।
4. ਆਕਰਸ਼ਿਤ ਕਰਨ ਵਾਲੇ ਵਿਗਿਆਪਣਾਂ, ਅਫਵਾਹਾਂ, ਅਚਾਨਕ ਆਉਣ ਵਾਲੇ ਸੁਝਾਆਂ, ਪ੍ਰਤੀਫਲਾਂ ਦੇ ਸਪਸ਼ਟ/ਨਿਹਿਤ ਵਾਅਦਿਆਂ ਦੇ ਝਾਂਸੇ ਵਿੱਚ ਨਾ ਆਓ।
5. ਸਦੱਸ ਨੂੰ ਕੋਈ ਨਕਦੀ ਭੁਗਤਾਨ ਨਾ ਕਰੋ/ਮਾਰਜਿਨ ਅਤੇ ਨਿਪਟਾਨ ਦੇ ਸਬੰਧ ਵਿੱਚ ਸਦੱਸ ਨਾਲ ਕੋਈ ਨਕਦੀ ਲੈਣ-ਦੇਣ ਨਾ ਕਰੋ।
6. ਜੋਖਮ ਪ੍ਰਕਟੀਕਰਣ ਦਸਤਾਵੇਜ਼ ਪੜ੍ਹਣ ਅਤੇ ਸਮਝਣ ਤੋਂ ਪਹਿਲਾਂ ਟ੍ਰੇਡਿੰਗ ਨਾ ਸ਼ੁਰੂ ਕਰੋ।
7. ਫੋਨ ਤੇ ਦਿੱਤੇ ਉੱਚ ਮੁੱਲ ਦੇ ਆਰਡਰਾਂ ਨੂੰ ਲਿੱਖਤ ਵਿੱਚ ਕਰ ਲੈਣ ਦੇ ਲਈ ਲਾਪਰਵਾਹੀ ਨਾ ਕਰੋ।
8. ਬਿਨਾਂ ਹਸਤਾਖਰ ਤੋਂ/ਪ੍ਰਤੀਲਿਪੀ ਕਾਂਟ੍ਰੈਕਟ ਨੋਟ/ਪੁਸ਼ਟੀਕਰਨ ਮੈਮੋ ਸਵੀਕਾਰ ਨਾ ਕਰੋ।
9. ਕਿਸੇ ਅਧਿਕਾਰਤ ਵਿਅਕਤੀ ਦੁਆਰਾ ਹਸਤਾਖਰ ਕੀਤੇ ਕਾਂਟ੍ਰੈਕਟ ਨੋਟ/ਪੁਸ਼ਟੀਕਰਨ ਮੈਮੋ ਸਵੀਕਾਰ ਨਾ ਕਰੋ।
10. ਆਪਣੇ ਇੰਟਰਨੈਟ ਟ੍ਰੇਡਿੰਗ ਖਾਤੇ ਦਾ ਪਾਸਵਰਡ ਕਿਸੇ ਨੂੰ ਨਾ ਦੱਸੋ।
11. ਸਦੱਸ ਨੂੰ ਕਮੋਡਿਟੀਜ਼ ਦੇ ਭੁਗਤਾਨ/ਡਿਲਿਵਰੀ ਵਿੱਚ ਦੇਰੀ ਨਾ ਕਰੋ।
12. ਨਿਵੇਸ਼ਾਂ ਨਾਲ ਜੁੜੇ ਜੋਖਮਾਂ ਨੂੰ ਧਿਆਨ ਵਿੱਚ ਰੱਖਣਾ ਨਾ ਭੁੱਲੋ।
13. ਕਮੋਡਿਟੀਜ਼ ਤਿਆਰ ਕਰਨ ਵੇਲੇ ਖਾਲੀ ਨਿਰਦੇਸ਼ ਪਰਚੀਆਂ (DIS) ਤੇ ਹਸਤਾਖਰ ਨਾ ਕਰੋ, ਸਮੇਂ ਦੀ ਬੱਚਤ ਲਈ ਇਨ੍ਹਾਂ ਨੂੰ ਡਿਪੋਜ਼ਿਟਰੀ ਭਾਈਵਾਲ (DP) ਜਾਂ ਸਦੱਸ ਦੇ ਕੋਲ ਜਮਾਂ ਕਰੋ ਅਤੇ/ਜਾਂ ਰੱਖੋ।
14. ਐਕਸਚੇਂਜ ਦੁਆਰਾ ਨਿਰਧਾਰਤ ਦਰ ਨਾਲ ਜ਼ਿਆਦਾ ਬ੍ਰੋਕਰੇਜ ਦਾ ਭੁਗਤਾਨ ਨਾ ਕਰੋ।
15. ਅਧਿਕਾਰਤ ਵਿਅਕਤੀ ਦੇ ਨਾਂ ਤੋਂ ਚੈਕ ਜਾਰੀ ਨਾ ਕਰੋ।

ਅਨੁਬੰਧ ਏ

ਈਲੈਕਟ੍ਰੋਨਿਕ ਕੌਨਟ੍ਰੈਕਟ ਨੋਟ (ਈਸੀਐਨ) - ਘੋਸ਼ਣਾ

(ਸਵੈ-ਇੱਛਤ)

ਸ਼੍ਰੀ ਮਾਨ ਜੀ,

(ਐਕਸਚੇਂਜ (Exchange) ਨਾਲ ਜੁੜੇ ਸਦੱਸ ਦਾ ਨਾਮ)

ਮੈਂ________________________________, ________________________________ ਐਕਸਚੇਂਜ ਦੇ ਸਦੱਸ ਐਮ/ਐਸ____________________________________ ਦਾ ਇੱਕ ਗਾਹਕ (Client/Investor) ਹਾਂ ਅਤੇ ਨਿਮਨ ਮੁਤਾਬਕ ਵਚਨ ਦਿੰਦਾ ਹਾਂ:

- **ਮੈਂ ਜਾਣਦਾ ਹਾਂ ਕਿ ਸਦੱਸ(Members/Stock Broker) ਨੂੰ ਮੇਰੇ ਵੱਲੋ ਕੀਤੇ ਗਏ ਸਾਰੇ ਵਪਾਰ ਲਈ ਭੌਤਿਕ ਰੂਪ ਵਿੱਚ ਕੌਨਟ੍ਰੈਕਟ ਨੋਟ ਦੇਣਾ ਹੋਵੇਗਾ, ਸਿਵਾਏ ਜੇਕਰ ਮੈਂ ਖੁਦ ਇਸ ਸੰਬੰਧੀ ਈਲੈਕਟ੍ਰੋਨਿਕ ਰੂਪ ਚਾਹੁੰਦਾ ਹਾਂ|**
- **ਮੈਂ ਜਾਣਦਾ ਹਾਂ ਕਿ ਸਦੱਸ ਨੂੰ ਮੇਰੀ ਸੁਵਿਧਾ ਲਈ ਸਿਰਫ ਮੇਰੇ ਬੇਨਤੀ ਕਰਨ ਤੇ ਹੀ ਮੈਨੂੰ ਈਲੈਕਟ੍ਰੋਨਿਕ ਕੌਨਟ੍ਰੈਕਟ ਨੋਟ ਪ੍ਰਦਾਨ ਕਰਨੇ ਹੋਣਗੇ|**
- **ਹਾਲਾਂਕਿ ਸਦੱਸ ਲਈ ਭੌਤਿਕ ਰੂਪ ਵਿੱਚ ਕੌਨਟ੍ਰੈਕਟ ਨੋਟ ਵਿਤਰਤ ਕਰਨਾ ਲੋੜੀਂਦਾ ਹੈ, ਪਰ ਮੈਨੂੰ ਲੱਗਦਾ ਹੈ ਕਿ ਭੌਤਿਕ ਰੂਪ ਵਿੱਚ ਕੌਨਟ੍ਰੈਕਟ ਨੋਟ ਪ੍ਰਾਪਤ ਕਰਨਾ ਮੇਰੇ ਲਈ ਅਸੁਵਿਧਾਜਨਕ ਹੈ| ਇਸ ਲਈ, ਮੈਂ ਮੇਰੇ ਵੱਲੋਂ ਕੀਤੇ/ਮੇਰੇ ਵੱਲੋਂ ਆਰਡਰ ਕੀਤੇ ਸਾਰੇ ਵਪਾਰ ਲਈ ਸਵੈ-ਇੱਛਾ ਨਾਲ ਈਲੈਕਟ੍ਰੋਨਿਕ ਰੂਪ ਵਿੱਚ ਕੌਨਟ੍ਰੈਕਟ ਨੋਟ ਵਿਤਰਤ ਕਰਨ ਸਬੰਧੀ ਬੇਨਤੀ ਕਰਦਾ ਹਾਂ|**
- **ਮੇਰੇ ਕੋਲ ਕੰਪਿਊਟਰ ਸੁਵਿਧਾ ਉਪਲਬਧ ਹੈ ਅਤੇ ਮੈਂ ਇੱਕ ਨਿਯਮਤ ਇੰਟਰਨੈੱਟ ਉਪਭੋਗਤਾ ਹਾਂ, ਮੇਰੇ ਕੋਲ ਈਮੇਲ ਵਰਤਣ ਸਬੰਧੀ ਲੋੜੀਂਦਾ ਗਿਆਨ ਹੈ|**
- **ਮੇਰੀ ਈਮੇਲ ਆਈਡੀ ____ ਹੈ| ਇਸ ਸਿਰਫ ਮੇਰੇ ਦੁਆਰਾ ਵਰਤੀ ਜਾਂਦੀ ਹੈ ਨਾ ਕਿ ਕਿਸੇ ਹੋਰ ਵੱਲੋਂ ਵਰਤੀ ਜਾਂਦੀ ਹੈ|**
- **ਮੈਂ ਜਾਣਦਾ ਹਾਂ ਕਿ ਇਹ ਘੋਸ਼ਣਾ ਪੱਤਰ ਅੰਗਰੇਜ਼ੀ ਭਾਸ਼ਾ ਵਿੱਚ ਜਾਂ ਜਿਹੜੀ ਹੋਰ ਭਾਸ਼ਾ ਮੈਨੂੰ ਆਉਂਦੀ ਹੈ, ਉਸ ਵਿੱਚ ਹੋਣਾ ਚਾਹੀਦਾ ਹੈ|**
- **ਮੈਂ ਜਾਣਦਾ ਹਾਂ ਕਿ ਉਪਰੋਕਤ ਈਮੇਲ ਆਈਡੀ ਤੇ ਸਦੱਸ ਵੱਲੋਂ ਭੇਜੀਆਂ ਈਮੇਲ ਬਾਉਂਸ ਹੋਣ ਕਰਕੇ ਨਾ-ਪ੍ਰਾਪਤ ਹੋਣ ਵਾਲੀਆਂ ਸੂਚਨਾਵਾਂ ਸਦੱਸ ਵੱਲੋਂ ਕੌਨਟ੍ਰੈਕਟ ਨੋਟ ਦਾ ਵਿਤਰਣ ਹੋ ਗਿਆ ਹੈ, ਸਮਝਿਆ ਜਾਵੇਗਾ|**

ਮੈਂ ਉਪਰੋਕਤ ਘੋਸ਼ਣਾ ਅਤੇ ਅਨੁਬੰਧ ਵਿੱਚ ਈਸੀਐਨ ਸਬੰਧੀ ਦਿੱਤੀਆਂ ਗਾਈਆਂ ਹਿਦਾਇਤਾਂ ਪੜ੍ਹ ਅਤੇ ਸਮਝ ਲਈਆਂ ਹਨ| ਮੈਂ ਭੌਤਿਕ ਰੂਪ ਵਿੱਚ ਕੌਨਟ੍ਰੈਕਟ ਨੋਟ ਦੇ ਵਿਤਰਣ ਵਿੱਚ ਸ਼ਾਮਲ ਜੋਖਮ ਬਾਰੇ ਜਾਣਦਾ ਹਾਂ, ਅਤੇ ਬਾਕਾਇਦਾ ਇਸ ਦੀ ਪੂਰੀ ਜਿੰਮੇਵਾਰੀ ਲੈਂਦਾ ਹਾਂ|

(ਈਮੇਲ ਆਈਡੀ ਗਾਹਕ ਦੀ ਆਪਣੀ ਲਿਖਾਈ ਵਿੱਚ ਲਿਖੀ ਹੋਣੀ ਚਾਹੀਦੀ ਹੈ)

ਗਾਹਕ ਦਾ ਨਾਮ:____

ਵਿਲੱਖਣ ਗਾਹਕ ਕੋਡ:___________________________________

ਪੀਏਐਨ (ਪੈਨ):____

ਪਤਾ:____

ਗਾਹਕ ਦੇ ਦਸਤਖਤ:

ਮਿਤੀ:

ਜਗ੍ਹਾ:

ਗਾਹਕਗਾਹਕ ਦੇ ਦਸਤਖਤਾਂ ਦਾ ਜਾਂਚ ਕਰਤਾ,

ਸਦੱਸ ਦੇ ਮਨੋਨੀਤ ਅਧਿਕਾਰੀ ਦਾ ਨਾਮ

ਦਸਤਖਤ

ਅਨੁਲਗ – 3 (KYC ਦਸਤਾਵੇਜ਼ਾਂ ਦਾ)

ਸਦੱਸਾਂ (Members/Stock broker), ਅਧਿਕਾਰਤ ਵਿਅਕਤੀਆਂ (Authorised Persons) ਅਤੇ ਗਾਹਕਾਂ (clients/Investor) ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ

SEBI ਅਤੇ ਕਮੋਡਿਟੀ ਐਕਸਚੇਂਜਾਂ (Commodity Exchanges) ਵਿੱਚ ਨਿਰਦੇਸ਼ਿਤ ਮੁਤਾਬਕ

1. ਗਾਹਕ ਐਕਸਚੇਂਜਾਂ SEBI ਅਤੇ ਉਹਨਾਂ ਹੇਠ ਸਮੇਂ ਸਮੇਂ 'ਤੇ ਜਾਰੀ ਕੀਤੇ ਗਏ ਸਰਕੂਲਰ/ਨੋਟਿਸਾਂ ਦੇ ਨਿਯਮਾਂ, ਉਪ ਨਿਯਮਾਂ ਅਤੇ ਵਪਾਰਕ ਨਿਯਮਾਂ ਵਿੱਚ ਪਰਿਭਾਸ਼ਿਤ ਕੀਤੇ ਗਏ ਉਹਨਾਂ ਕਮੋਡਿਟੀਜ਼ (**Commodity**)/ਕਾਂਟ੍ਰੈਕਟਸ/ਹੋਰ ਇਨਸਟਰੂਮੇਂਟਸ ਵਿੱਚ ਨਿਵੇਸ਼/ਸੌਦਾ ਕਰੇਗਾ, ਜੋ ਐਕਸਚੇਂਜਾਂ ਵਿੱਚ ਸੌਦੇ ਲਈ ਦਾਖਲ ਕੀਤੇ ਗਏ ਹਨ।

2. ਸਦੱਸ, ਅਧਿਕਾਰਤ ਵਿਅਕਤੀ ਅਤੇ ਗਾਹਕ, ਐਕਸਚੇਂਜ ਦੇ ਨਿਯਮਾਂ, ਉਪਨਿਯਮਾਂ ਅਤੇ ਵਪਾਰਕ ਨਿਯਮਾਂ ਅਤੇ ਉਹਨਾਂ ਹੇਠ ਸਮੇਂ ਸਮੇਂ 'ਤੇ ਜਾਰੀ ਕੀਤੇ ਗਏ ਸਰਕੂਲਰ/ਨੋਟਿਸਾਂ ਅਤੇ ਸਮੇਂ ਸਮੇਂ ਤੇ ਜਾਰੀ SEBI ਦੇ ਨਿਯਮਾਂ ਅਤੇ ਵਿਧਾਨਾਂ ਦੁਆਰਾ ਅਤੇ ਸਰਕਾਰੀ ਅਧਿਕਾਰੀਆਂ ਦੇ ਢੁੱਕਵੇਂ ਨੋਟੀਫਿਕੇਸ਼ਨਸ ਨਾਲ ਬੱਝੇ ਹੋਣਗੇ।

3. ਗਾਹਕ ਕਮੋਡਿਟੀਜ਼ ਅਤੇ/ਜਾਂ ਡੈਰਿਵੇਟਿਵਸ (Derivatives) ਕਾਂਟ੍ਰੈਕਟਸ ਵਿੱਚ ਸੌਦਾ ਕਰਨ ਦੀ ਸਦੱਸ ਦੀ ਸਮਰੱਥਾ ਬਾਰੇ ਆਪਣੇ ਆਪ ਨੂੰ ਸੰਤੁਸ਼ਟ ਕਰੇਗਾ ਅਤੇ ਸਦੱਸ ਰਾਹੀਂ ਇਸਦੇ ਆਰਡਰ ਤੇ ਅਮਲ ਦੀ ਇੱਛਾ ਰੱਖਦਾ ਹੈ ਅਤੇ ਗਾਹਕ ਸਮੇਂ ਸਮੇਂ ਤੇ ਸਦੱਸ ਰਾਹੀਂ ਆਰਡਰ ਤੇ ਅਮਲ ਤੋਂ ਪਹਿਲਾਂ ਸਦੱਸ ਦੀ ਅਜਿਹੀ ਸਮਰੱਥਾ ਬਾਰੇ ਆਪਣੇ ਆਪ ਨੂੰ ਸੰਤੁਸ਼ਟ ਕਰਨਾ ਜਾਰੀ ਰੱਖੇਗਾ।

4. ਸਦੱਸ ਗਾਹਕ ਦੀ ਅਸਲੀਅਤ ਅਤੇ ਆਰਥਿਕ ਦ੍ਰਿੜਤਾ ਅਤੇ ਪ੍ਰਦਾਨ ਕੀਤੀ ਜਾਣ ਵਾਲੀਆਂ ਸੇਵਾਵਾਂ ਪ੍ਰਤਿ ਢੁੱਕਵੇਂ ਨਿਵੇਸ਼ ਮੰਤਵਾਂ ਬਾਰੇ ਆਪਣੇ ਆਪ ਨੂੰ ਸੰਤੁਸ਼ਟ ਕਰਨਾ ਜਾਰੀ ਰੱਖੇਗਾ।

5. ਸਦੱਸ ਕਾਰੋਬਾਰ ਕਰਨ ਲਈ ਸਦੱਸ ਦੀ ਦੇਣਦਾਰੀ ਦੇ ਅਤੇ ਸੁਭਾਅ ਬਾਰੇ ਗਾਹਕ ਨੂੰ ਜਾਣੂ ਕਰਾਉਣ ਲਈ ਕਦਮ ਚੁੱਕੇਗਾ, ਕਿਸੇ ਵੀ ਤਰ੍ਹਾਂ ਦੀ ਸੀਮਾਵਾਂ, ਦੇਣਦਾਰੀਆਂ ਅਤੇ ਸਮਰਥਾ ਦੇ ਜਿਸ ਵਿੱਚ ਸਦੱਸ ਕੰਮ ਕਰਦਾ ਹੈ ਸਮੇਤ।

6. ਪੇਸ਼ੇਵਰ ਉਦਯੋਗ ਦੀਆਂ ਲੋੜਾਂ
   a. ਸਦੱਸਾਂ ਦਾ ਕਿਸੇ ਵਿੱਤੀ ਕਰਾਰ ਵਿੱਚ ਦਾਖਲ ਹੋਣ ਜਾਂ ਇਸ ਦੇ ਤਹਿਤ ਕਿਸੇ ਵੀ ਫਰਜ਼ ਨੂੰ ਨਿਭਾਉਣ ਵੇਲੇ ਪੇਸ਼ੇਵਰ ਉਦਯੋਗ ਦੀ ਵਰਤੋਂ ਕਰਨਾ ਲਾਜ਼ਮੀ ਹੈ।
   b. "ਪੇਸ਼ੇਵਰ ਉਦਯੋਗ" ਤੋਂ ਭਾਵ ਉਸ ਕੌਸ਼ਲ ਅਤੇ ਦੇਖਭਾਲ ਦਾ ਮਾਨਕ ਹੈ ਜਿਸ ਦੀ ਕਿਸੇ ਸਦੱਸ ਤੋਂ ਕਿਸੇ ਤੋਂ ਹੇਠਾਂ ਦੇ ਅਨੁਰੂਪ, ਕਿਸੇ ਵੀ ਗਾਹਕ ਦੇ ਪ੍ਰਤੀ ਢੁਕਵੇਂ ਤੌਰ ਤੇ ਵਰਤੋਂ ਕਰਨ ਦੀ ਉਮੀਦ ਕੀਤੀ ਜਾਵੇਗੀ-

i. ਈਮਾਨਦਾਰ ਬਜ਼ਾਰੀ ਕਾਰਜ-ਪ੍ਰਣਾਲੀ;

ii. ਵਧੀਆ ਵਿਸ਼ਵਾਸ ਦਾ ਸਿਧਾਂਤ;

iii. ਗਾਹਕ ਦੇ ਗਿਆਨ, ਅਨੁਭਵ ਅਤੇ ਮੁਹਾਰਤ ਦਾ ਪੱਧਰ;

iv. ਗਾਹਕ ਦੁਆਰਾ ਹਾਸਲ ਕੀਤੇ ਜਾਣ ਵਾਲੇ ਵਿੱਤੀ ਉਤਪਾਦ* ਜਾਂ ਵਿੱਤੀ ਸੇਵਾ ਵਿੱਚ ਸ਼ਾਮਲ ਜੋਖਮ ਦੀ ਪ੍ਰਕਿਰਤੀ ਅਤੇ ਡਿਗਰੀ; ਅਤੇ

v. ਗਾਹਕ ਦੀ ਸਦੱਸ ਤੇ ਨਿਰਭਰਤਾ ਦੀ ਹੱਦ ।

*ਕਮੋਡਿਟੀ ਡੈਰਿਵੇਟਿਵ ਕਰਾਰ

7. ਗਾਹਕ(ਕਾਂ) ਦੇ ਨਾਲ ਸਾਰੇ ਸੌਦਿਆਂ ਵਿੱਚ ਅਧਿਕਾਰਤ ਵਿਅਕਤੀ ਸਦੱਸ ਨੂੰ ਜ਼ਰੂਰੀ ਸਹਾਇਤਾ ਪ੍ਰਦਾਨ ਕਰੇਗਾ ਅਤੇ ਉਸ ਨੂੰ ਸਹਿਯੋਗ ਦੇਵੇਗਾ।

ਗਾਹਕ ਜਾਣਕਾਰੀ

8. ਗਾਹਕ, ਸਹਾਇਕ ਵੇਰਵਿਆਂ ਦੇ ਨਾਲ, 'ਖਾਤਾ ਖੋਲ੍ਹਣ ਵਾਲੇ ਫਾਰਮ' ਦੇ ਅੰਦਰ ਸਦੱਸ ਦੀ ਜ਼ਰੂਰਤ ਮੁਤਾਬਕ ਸਾਰਾ ਐਸਾ ਵੇਰਵਾ ਸੰਪੂਰਨ ਤੌਰ ਤੇ ਪ੍ਰਦਾਨ ਕਰੇਗਾ, ਜੋ ਕਿ ਸਮੇਂ ਸਮੇਂ ਤੇ ਕਮੋਡਿਟੀ ਐਕਸਚੇਂਜ/ SEBI ਵੱਲੋਂ ਲਾਜ਼ਮੀ ਕੀਤਾ ਗਿਆ ਹੈ।

9. ਗਾਹਕ ਆਪਣੇ ਆਪ ਨੂੰ ਖਾਤਾ ਖੋਲ੍ਹਣ ਦੇ ਦਸਤਾਵੇਜ਼ਾਂ ਵਿੱਚ ਜ਼ਰੂਰੀ ਪ੍ਰਯੋਜਨਾਂ ਦੇ ਨਾਲ ਜਾਣੂ ਕਰਾਏਗਾ । ਸਦੱਸ ਵੱਲੋਂ ਨਿਰਦੇਸ਼ਿਤ ਕੋਈ ਵੀ ਵਾਧੂ ਧਾਰਾਵਾਂ ਜਾਂ ਦਸਤਾਵੇਜ਼ ਗਾਹਕ ਵੱਲੋਂ ਨਿਸ਼ਚਤ ਸਵੀਕ੍ਰਿਤੀ ਦੇ ਅਧੀਨ ਇਸ ਤਰ੍ਹਾਂ ਗੈਰ-ਜ਼ਰੂਰੀ ਹੋਣਗੇ।

10. ਖਾਤਾ ਖੋਲ੍ਹਣ ਸਮੇਂ ਅਤੇ ਬਾਅਦ ਵਿੱਚ ਪ੍ਰਦਾਨ ਕੀਤੇ ਦਸਤਾਵੇਜ਼ਾਂ ਦੇ ਮੁਤਾਬਕ ਜੇ 'ਖਾਤਾ ਖੋਲ੍ਹਣ ਵਾਲੇ ਫਾਰਮ' ਦੇ ਵਿੱਚ ਜਾਣਕਾਰੀ ਦੇ ਅੰਦਰ ਕੋਈ ਤਬਦੀਲੀ ਹੁੰਦੀ ਹੈ ਤਾਂ ਗਾਹਕ ਝੱਟ ਹੀ ਸਦੱਸ ਨੂੰ ਸੂਚਿਤ ਕਰੇਗਾ, ਜਿਸ ਵਿੱਚ ਸ਼ਾਮਿਲ ਹੈ ਯਾਚਨਾ ਦਾ ਸਮੇਟਨਾ/ਦਿਵਾਲੀਆਪਣ ਦੀ ਯਾਚਨਾ ਜਾਂ ਕੋਈ ਵੀ ਮੁੱਕਦਮਾ ਜਿਸ ਦਾ ਉਸ ਦੀ ਸਮਰਥਾ 'ਤੇ ਦ੍ਰਵੀ ਹਵਾਲਾ ਹੋ ਸਕਦਾ ਹੈ । ਗਾਹਕ ਨਿਯਤ ਸਮੇਂ ਤੇ ਸਦੱਸ ਨੂੰ ਆਰਥਿਕ ਜਾਣਕਾਰੀ ਪ੍ਰਦਾਨ/ਅਪਡੇਟ ਕਰੇਗਾ।

11. A. ਵਿੱਤੀ ਕਰਾਰਾਂ ਵਿੱਚ ਅਨੁਚਿਤ ਸ਼ਰਤਾਂ ਤੋਂ ਸੁਰੱਖਿਆ**

- a. ਗੈਰ-ਵਿਵਸਥਿਤ ਕਰਾਰ ਦੇ ਅਨੁਚਿਤ ਨਿਯਮ ਬੇਕਾਰ ਹੋ ਜਾਣਗੇ।
- b. ਨਿਯਮ ਉਦੋਂ ਅਨੁਚਿਤ ਹੁੰਦਾ ਹੈ ਜੇ ਇਹ –
  - i. ਇਸ ਦੇ ਕਾਰਨ ਗਾਹਕ ਦੀ ਹਾਨੀ ਲਈ, ਵਿੱਤੀ ਕਰਾਰ ਦੇ ਤਹਿਤ ਪੱਖਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਵਿੱਚ ਇੱਕ ਮਹੱਤਵਪੂਰਨ ਅਸੰਤੁਲਨ ਹੁੰਦਾ ਹੈ; ਅਤੇ
  - ii. ਸਦੱਸ ਦੇ ਕਨੂੰਨੀ ਹਿੱਤਾਂ ਦੀ ਰੱਖਿਆ ਕਰਨਾ ਉੱਚਿਤ ਤੌਰ ਤੇ ਜ਼ਰੂਰੀ ਨਹੀਂ ਹੁੰਦਾ ਹੈ।
- c. ਇਹ ਨਿਰਧਾਰਤ ਕਰਨ ਵੇਲੇ ਧਿਆਨ ਵਿੱਚ ਰੱਖੇ ਜਾਣ ਵਾਲੇ ਕਾਰਕਾਂ ਵਿੱਚ ਇਹ ਸ਼ਾਮਲ ਹਨ ਕਿ ਸ਼ਰਤ ਅਨੁਚਿਤ ਹੈ ਜਾਂ ਨਹੀਂ –
  - i. ਵਿੱਤੀ ਕਰਾਰ ਦੇ ਤਹਿਤ ਉਸ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦੀ ਪ੍ਰਕਿਰਤੀ ਜਿਸਦੇ ਨਾਲ ਵਿਹਾਰ ਕੀਤਾ ਗਿਆ ਹੈ;
  - ii. ਨਿਯਮ ਦੀ ਪਾਰਦਰਸ਼ਤਾ ਦੀ ਹੱਦ;

**ਕਮੋਡਿਟੀ ਐਕਸਚੇਂਜ਼ਾਂ ਦੁਆਰਾ ਪੇਸ਼ਕਸ਼ ਕੀਤੇ ਕਰਾਰ

  - iii. ਉਸ ਹੱਦ ਤਕ ਜਿੱਥੋਂ ਤਕ ਨਿਯਮ ਗਾਹਕ ਨੂੰ ਸਮਾਨ ਵਿੱਤੀ ਉਤਪਾਦਾਂ ਜਾਂ ਵਿੱਤੀ ਸੇਵਾਵਾਂ ਲਈ ਹੋਰ ਵਿੱਤੀ ਕਰਾਰਾਂ ਦੇ ਨਾਲ ਇਸ ਦੀ ਤੁਲਨਾ ਕਰਨ ਦੀ ਅਨੁਮਤੀ ਦਿੰਦਾ ਹੈ; ਅਤੇ
  - iv. ਸੰਪੂਰਨ ਵਿੱਤੀ ਕਰਾਰ ਅਤੇ ਉਸ ਕਿਸੇ ਵੀ ਹੋਰ ਕਰਾਰ ਦੇ ਨਿਯਮ ਜਿਸ ਤੇ ਇਹ ਨਿਰਭਰ ਹੈ।
- d. ਨਿਯਮ ਪਾਰਦਰਸ਼ੀ ਹੁੰਦਾ ਹੈ ਜੇ ਇਹ –
  - i. ਇਸ ਨੂੰ ਢੁਕਵੇਂ ਤੌਰ ਤੇ ਅਸਾਨ ਭਾਸ਼ਾ ਵਿੱਚ ਵਿਅਕਤ ਕੀਤਾ ਜਾਂਦਾ ਹੈ ਜਿਸ ਨੂੰ ਗਾਹਕ ਦੁਆਰਾ ਸਮਝ ਲਿੱਤੇ ਜਾਣ ਦੀ ਸੰਭਾਵਨਾ ਹੁੰਦੀ ਹੈ;
  - ii. ਇਹ ਸਾਫ ਹੈ ਅਤੇ ਸਪਸ਼ਟ ਤੌਰ ਤੇ ਪੇਸ਼ਕਸ਼ ਕੀਤੀ ਜਾਂਦੀ ਹੈ; ਅਤੇ
  - iii. ਨਿਯਮ ਦੁਆਰਾ ਪ੍ਰਭਾਵਿਤ ਗਾਹਕ ਲਈ ਅਸਾਨੀ ਨਾਲ ਉਪਲਬਧ ਹੈ।
- e. ਜੇ ਵਿੱਤੀ ਕਰਾਰ ਦੇ ਨਿਯਮ ਦਾ ਪੋਇੰਟ 11.A.c ਦੇ ਤਹਿਤ ਅਨੁਚਿਤ ਹੋਣ ਵਜੋਂ ਪਤਾ ਲਗਾਇਆ ਜਾਂਦਾ ਹੈ, ਤਾਂ ਪੱਖ ਉਸ ਹੱਦ ਤਕ ਵਿੱਤੀ ਕਰਾਰ ਦੇ ਬਾਕੀ ਦੇ ਨਿਯਮਾਂ ਦੁਆਰਾ ਬਾਧਕਾਰੀ ਹੋਣ ਨੂੰ ਜਾਰੀ ਰੱਖਣਗੇ ਜਿਸ ਹੱਦ ਤਕ ਵਿੱਤੀ ਕਰਾਰ ਅਨੁਚਿਤ ਨਿਯਮ ਤੋਂ ਬਿਨਾਂ ਲਾਗੂਕਰਨ ਦੇ ਯੋਗ ਹੈ।

11.B.

a. "ਗੈਰ-ਸੰਚਾਰ ਕਰਾਰ" ਤੋਂ ਭਾਵ ਉਹ ਕਰਾਰ ਹੈ ਜਿਸ ਦੇ ਨਿਯਮਾਂ ਦਾ, ਪੋਇੰਟ11.C. (ਹੇਠਾਂ ਦਿੱਤਾ ਗਿਆ ਹੈ) ਵਿੱਚ ਸ਼ਾਮਲ ਨਿਯਮਾਂ ਤੋਂ ਇਲਾਵਾ, ਵਿੱਤੀ ਕਰਾਰ ਵਿੱਚ ਪੱਖਾਂ ਦੇ ਵਿੱਚ ਸੰਚਾਰ ਨਹੀਂ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਇਹ ਸ਼ਾਮਲ ਹਨ –

    i. ਇੱਕ ਵਿੱਤੀ ਕਰਾਰ ਜਿਸ ਵਿੱਚ, ਗਾਹਕ ਦਾ ਰਿਸ਼ਤੇਦਾਰ, ਸਦੱਸ ਕੋਲ ਵਿੱਤੀ ਕਰਾਰ ਦੇ ਨਿਰਧਾਰਤ ਨਿਯਮਾਂ ਵਿੱਚ ਕਾਫੀ ਜ਼ਿਆਦਾ ਸੌਦੇਬਾਜ਼ੀ ਦੀ ਸ਼ਕਤੀ ਹੈ; ਅਤੇ
    ii. ਇੱਕ ਮਾਨਕ ਫਾਰਮ ਕਰਾਰ।

b. "ਮਾਨਕ ਫਾਰਮ ਕਰਾਰ" ਤੋਂ ਭਾਵ ਇੱਕ ਅਜਿਹਾ ਵਿੱਤੀ ਕਰਾਰ ਹੈ ਜੋ ਪੋਇੰਟ 11.C. ਵਿੱਚ ਸ਼ਾਮਲ ਨਿਯਮਾਂ ਤੋਂ ਇਲਾਵਾ, ਗਾਹਕ ਲਈ ਕਾਫੀ ਹੱਦ ਤਕ ਸਮਝੌਤਾ ਕਰਨ ਯੋਗ ਨਹੀਂ ਹੈ।

c. ਭਾਵੇਂ ਜੇ ਵਿੱਤੀ ਕਰਾਰ ਦੇ ਕੁਝ ਨਿਯਮਾਂ ਦਾ ਫਾਰਮ ਵਿੱਚ ਸੰਚਾਰ ਕੀਤਾ ਵੀ ਜਾਂਦਾ ਹੈ, ਤਾਂ ਵੀ ਵਿੱਤੀ ਕਰਾਰ ਨੂੰ ਗੈਰ-ਸੰਚਾਰ ਕਰਾਰ ਵਜੋਂ ਸਮਝਿਆ ਜਾ ਸਕਦਾ ਹੈ ਜੇ ਅਜਿਹਾ ਹੇਠਾਂ ਦੁਆਰਾ ਸੰਕੇਤ ਕੀਤਾ ਜਾਂਦਾ ਹੈ –

    i. ਵਿੱਤੀ ਕਰਾਰ ਦਾ ਇੱਕ ਸਮੁੱਚਾ ਅਤੇ ਮਜ਼ਬੂਤ ਮੁਲਾਂਕਣ; ਅਤੇ
    ii. ਵਿੱਤੀ ਕਰਾਰ ਵਿੱਚ ਸ਼ਾਮਲ ਮੂਲ ਹਲਾਤ

d. ਉਸ ਦਾਅਵੇ ਵਿੱਚ ਕਿ ਵਿੱਤੀ ਕਰਾਰ ਇੱਕ ਗੈਰ-ਸੰਚਾਰ ਕਰਾਰ ਹੈ, ਹੋਰ ਹਲਾਤਾਂ ਵਿੱਚ ਪ੍ਰਦਰਸ਼ਨ ਦੀ ਜ਼ੁੰਮੇਵਾਰੀ ਸਦੱਸ ਤੇ ਹੋਵੇਗੀ।

11. C.

a. ਉੱਪਰ ਦਿੱਤੇ ਚਿੰਨ੍ਹ ਇੱਕ ਵਿੱਤੀ ਕਰਾਰ ਦੇ ਨਿਯਮ ਤੇ ਲਾਗੂ ਨਹੀਂ ਹੁੰਦੇ ਹਨ ਜੇ ਇਹ –

    i. ਵਿੱਤੀ ਕਰਾਰ ਦੇ ਸਾਰ ਦੀ ਪਰਿਭਾਸ਼ਾ ਦਿੰਦਾ ਹੈ;
    ii. ਵਿੱਤੀ ਕਰਾਰ ਦੇ ਤਹਿਤ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦੇ ਪ੍ਰਾਵਧਾਨ ਲਈ, ਉਸ ਕੀਮਤ ਨੂੰ ਨਿਰਧਾਰਤ ਕਰਦਾ ਹੈ ਜਿਸ ਦਾ ਭੁਗਤਾਨ ਕੀਤਾ ਜਾਂਦਾ ਹੈ, ਜਾਂ ਜੋ ਭੁਗਤਾਨ ਕਰਨ ਯੋਗ ਹੈ ਅਤੇ ਇਸ ਦਾ ਗਾਹਕ ਨੂੰ ਸਪਸ਼ਟ ਤੌਰ ਤੇ ਖੁਲਾਸਾ ਕੀਤਾ ਗਿਆ ਹੈ; ਜਾਂ
    iii. ਕਿਸੇ ਵੀ ਕਨੂੰਨ ਜਾਂ ਨਿਯਾਮਕਾਂ ਦੇ ਤਹਿਤ ਲੋੜ ਹੁੰਦੀ ਹੈ, ਜਾਂ ਸਪਸ਼ਟ ਤੌਰ ਤੇ ਅਨੁਮਤੀ ਦਿੱਤੀ ਜਾਂਦੀ ਹੈ।

b. ਪੋਇੰਟ 11.C. ਦੇ ਤਹਿਤ ਛੋਟ ਉਸ ਨਿਯਮ ਤੇ ਲਾਗੂ ਨਹੀਂ ਹੁੰਦੀ ਹੈ ਜੋ ਉਸ ਰਕਮ ਦੇ ਭੁਗਤਾਨ ਦੇ ਨਾਲ ਵਿਹਾਰ ਕਰਦੀ ਹੈ ਜੋ ਕਿ ਕਿਸੇ ਵੀ ਖਾਸ ਘਟਨਾ ਦੇ ਵਾਪਰਣ ਜਾਂ ਨਾ ਵਾਪਰਣ ਤੇ ਨਿਰਭਰ ਹੈ।

12. ਸਦੱਸ ਅਤੇ ਅਧਿਕਾਰਤ ਵਿਅਕਤੀ ਖਾਤਾ ਖੋਲ੍ਹਣ ਵਾਲੇ ਫਾਰਮ ਵਿੱਚ ਦੱਸੇ ਮੁਤਾਬਕ ਗਾਹਕ ਦਾ ਸਾਰਾ ਵੇਰਵਾ ਜਾਂ ਗਾਹਕ ਸੰਬੰਧੀ ਹੋਰ ਕੋਈ ਜਾਣਕਾਰੀ ਨੂੰ ਗੁਪਤ ਰੱਖੇਗਾ ਅਤੇ ਉਸ ਵਿਅਕਤੀ/ਅਧਿਕਾਰੀ ਨਾਲ ਸਾਂਝੀ ਨਹੀਂ ਕਰੇਗਾ, ਸਿਵਾਏ ਇਸ ਦੇ ਜੇ ਇਸ ਦੀ ਲੋੜ ਕਾਨੂੰਨੀ/ਨਿਯਾਮਕਾਂ ਲੋੜਾਂ ਹੇਠ ਲੋੜੀਂਦੀ ਹੈ । ਬਸ਼ਰਤੇ ਕਿ ਸਦੱਸ ਆਪਣੇ ਗਾਹਕ ਦੀ ਜਾਣਕਾਰੀ ਕਿਸੇ ਵਿਅਕਤੀ/ਅਧਿਕਾਰੀ ਨਾਲ ਗਾਹਕ ਦੀ ਸਹਿਮਤੀ ਦੇ ਨਾਲ ਸਾਂਝੀ ਕਰੇ।

13. A. ਨਿਜੀ ਜਾਣਕਾਰੀ ਅਤੇ ਗੁੱਪਤਤਾ ਦੀ ਰੱਖਿਆ

a. "ਨਿਜੀ ਜਾਣਕਾਰੀ" ਤੋਂ ਭਾਵ ਉਹ ਕੋਈ ਵੀ ਜਾਣਕਾਰੀ ਹੈ ਜੋ ਗਾਹਕ ਨਾਲ ਸਬੰਧਤ ਹੈ ਜਾਂ ਜੋ ਗਾਹਕ ਦੀ ਪਛਾਣ ਦਾ ਪਰਤੱਖ ਜਾਂ ਅਪਰਤੱਖ ਤੌਰ ਤੇ, ਅਨੁਮਾਨ ਲਗਾਉਣ ਦੀ ਆਗਿਆ ਦਿੰਦੀ ਹੈ, ਅਤੇ ਇਸ ਵਿੱਚ ਇਹ ਸ਼ਾਮਲ ਹਨ –

    i. ਨਾਂ ਅਤੇ ਸੰਪਰਕ ਜਾਣਕਾਰੀ;

ii. ਬਾਯੋਮੈਟ੍ਰਿਕ ਜਾਣਕਾਰੀ, ਵਿਅਕਤੀਆਂ ਦੇ ਮਾਮਲੇ ਵਿੱਚ
iii. ਵਿੱਤੀ ਉਤਪਾਦਾਂ ਵਿੱਚ ਲੈਣ-ਦੇਣ ਕਰਨ, ਜਾਂ ਇਸ ਦੀ ਹੋਲਡਿੰਗ ਹੋਣ ਦੇ ਸਬੰਧ ਵਿੱਚ ਜਾਣਕਾਰੀ
iv. ਵਿੱਤੀ ਸੇਵਾਵਾਂ ਦੀ ਵਰਤੋਂ ਦੇ ਸਬੰਧ ਵਿੱਚ ਜਾਣਕਾਰੀ; ਜਾਂ
v. ਅਜਿਹੀ ਹੋਰ ਜਾਣਕਾਰੀ ਜਿਸ ਨੂੰ ਵਿਸਤ੍ਰਿਤ ਕੀਤਾ ਜਾ ਸਕਦਾ ਹੈ।

13. B.

a. ਸਦੱਸ ਦਾ ਹੇਠਾਂ ਦਿੱਤੇ ਚਿੰਨ੍ਹਾਂ ਨੂੰ ਕਰਨਾ ਲਾਜ਼ਮੀ ਹੈ –

i. ਉਸ ਤੋਂ ਵੱਧ ਗਾਹਕ ਨਾਲ ਸਬੰਧਤ ਨਿਜੀ ਜਾਣਕਾਰੀ ਨੂੰ ਇਕੱਤਰ ਨਾ ਕਰਨਾ ਲਾਜ਼ਮੀ ਹੈ ਜਿਸ ਦੀ ਕਿਸੇ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦੇ ਪ੍ਰਾਵਧਾਨ ਲਈ ਲੋੜ ਹੁੰਦੀ ਹੈ;
ii. ਗਾਹਕਾਂ ਨਾਲ ਸਬੰਧਤ ਨਿਜੀ ਜਾਣਕਾਰੀ ਦੀ ਗੁੱਪਤਤਾ ਨੂੰ ਕਾਇਮ ਰੱਖਣਾ ਅਤੇ ਪੋਇੰਟ 13.B.b. ਦੇ ਤਹਿਤ ਸਪਸ਼ਟ ਤੌਰ ਤੇ ਅਨੁਮਤੀ ਦਿੱਤੇ ਜਾਣ ਤੋਂ ਇਲਾਵਾ, ਕਿਸੇ ਵੀ ਤੀਜੇ ਪੱਖ ਨੂੰ ਇਸ ਦਾ ਖੁਲਾਸਾ ਨਾ ਕਰਨਾ ਲਾਜ਼ਮੀ ਹੈ;
iii. ਇਹ ਯਕੀਨੀ ਬਣਾਉਣ ਲਈ ਸਭ ਤੋਂ ਵਧੀਆ ਜਤਨ ਕਰਨਾ ਲਾਜ਼ਮੀ ਹੈ ਕਿ ਕਿਸੇ ਗਾਹਕ ਦੇ ਸਬੰਧ ਵਿੱਚ ਕੋਈ ਵੀ ਨਿਜੀ ਜਾਣਕਾਰੀ ਸਟੀਕ, ਅਪ ਟੂ ਡੇਟ ਅਤੇ ਸੰਪੂਰਨ ਹੈ ਜੋ ਕਿ ਇਸ ਵਿੱਚ ਸ਼ਾਮਲ ਹੈ;
iv. ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਗਾਹਕ ਉਨ੍ਹਾਂ ਕੋਈ ਵੀ ਅਪਵਾਦਾਂ ਦੇ ਅਧੀਨ ਜਿਨ੍ਹਾਂ ਦੀ ਨਿਯਾਮਕ ਵਿਆਖਿਆ ਕਰ ਸਕਦਾ ਹੈ, ਉਨ੍ਹਾਂ ਦੀ ਨਿਜੀ ਜਾਣਕਾਰੀ ਤੇ ਢੁਕਵੀਂ ਪਹੁੰਚ ਹਾਸਲ ਕਰ ਸਕਦੇ ਹਨ; ਅਤੇ
v. ਇਹ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਨਿਜੀ ਜਾਣਕਾਰੀ ਵਿੱਚ ਸੰਸ਼ੋਧਨਾਂ ਨੂੰ ਕਰਨ ਦੇ ਇੱਕ ਕਾਰਗਰ ਅਵਸਵ ਦੀ ਗਾਹਕਾਂ ਨੂੰ ਆਗਿਆ ਦੇਣਾ ਲਾਜ਼ਮੀ ਹੈ ਕਿ ਸਦੱਸ ਦੁਆਰਾ ਰੱਖੀ ਗਈ ਨਿਜੀ ਜਾਣਕਾਰੀ ਸਟੀਕ, ਅਪ ਟੂ ਡੇਟ ਅਤੇ ਸੰਪੂਰਨ ਹੈ।

b. ਸਦੱਸ ਸਿਰਫ ਤਾਂ ਹੀ ਕਿਸੇ ਤੀਜੇ ਪੱਖ ਨੂੰ ਗਾਹਕ ਨਾਲ ਸਬੰਧਤ ਨਿਜੀ ਜਾਣਕਾਰੀ ਦਾ ਖੁਲਾਸਾ ਕਰ ਸਕਦਾ ਹੈ ਜੇ –

i. ਇਸ ਨੇ ਗਾਹਕ ਨੂੰ ਰਜ਼ਾਮੰਦੀ ਲਈ ਮਨਾਹੀ ਕਰਨ ਦਾ ਇੱਕ ਕਾਰਗਰ ਅਵਸਰ ਪ੍ਰਦਾਨ ਕਰਨ ਤੋਂ ਬਾਅਦ, ਖੁਲਾਸੇ ਲਈ ਗਾਹਕ ਦੀ ਪੂਰਵ ਲਿੱਖਤ ਸੂਚਿਤ ਰਜ਼ਾਮੰਦੀ ਪ੍ਰਾਪਤ ਕੀਤੀ ਹੈ;
ii. ਗਾਹਕ ਨੇ ਕੀਤੇ ਜਾਣ ਵਾਲੇ ਖੁਲਾਸੇ ਨੂੰ ਨਿਰਦਿਸ਼ਟ ਕੀਤਾ ਹੈ;
iii. ਨਿਯਾਮਕ ਨੇ ਖੁਲਾਸੇ ਨੂੰ ਮਨਜ਼ੂਰੀ ਦਿੱਤੀ ਹੈ ਜਾਂ ਇਸ ਦਾ ਆਦੇਸ਼ ਦਿੱਤਾ ਹੈ, ਅਤੇ ਯੋਗ ਕਨੂੰਨ ਜਾਂ ਨਿਯਾਮਕਾਂ ਦੁਆਰਾ ਰੋਕ ਲਗਾਏ ਜਾਣ ਤਕ, ਗਾਹਕ ਨੂੰ ਅਜਿਹੇ ਖੁਲਾਸੇ ਦੇ ਖਿਲਾਫ ਅਜਿਹੇ ਕਨੂੰਨ ਜਾਂ ਨਿਯਾਮਕਾਂ ਦੇ ਤਹਿਤ ਪੇਸ਼ਕਸ਼ ਕਰਨ ਦਾ ਅਵਸਰ ਦਿੱਤਾ ਜਾਂਦਾ ਹੈ;
iv. ਖੁਲਾਸੇ ਦੀ ਕਿਸੇ ਕਨੂੰਨ ਜਾਂ ਨਿਯਾਮਕਾਂ ਦੇ ਤਹਿਤ ਲੋੜ ਹੁੰਦੀ ਹੈ, ਅਤੇ ਯੋਗ ਕਨੂੰਨ ਜਾਂ ਨਿਯਾਮਕਾਂ ਦੁਆਰਾ ਰੋਕ ਲਗਾਏ ਜਾਣ ਤਕ, ਗਾਹਕ ਨੂੰ ਅਜਿਹੇ ਖੁਲਾਸੇ ਦੇ ਖਿਲਾਫ ਅਜਿਹੇ ਕਨੂੰਨ ਜਾਂ ਨਿਯਾਮਕਾਂ ਦੇ ਤਹਿਤ ਪੇਸ਼ਕਸ਼ ਕਰਨ ਦਾ ਅਵਸਰ ਦਿੱਤਾ ਜਾਂਦਾ ਹੈ;
v. ਖੁਲਾਸਾ ਪਰਤੱਖ ਤੌਰ ਤੇ ਗਾਹਕ ਨੂੰ ਦਿੱਤੇ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦੇ ਪ੍ਰਾਵਧਾਨ ਨਾਲ ਸੰਬਧਤ ਹੈ, ਜੇ ਸਦੱਸ –

1. ਪਹਿਲਾਂ ਹੀ ਗਾਹਕ ਨੂੰ ਸੂਚਿਤ ਕਰਦਾ ਹੈ ਕਿ ਨਿਜੀ ਜਾਣਕਾਰੀ ਨੂੰ ਤੀਜੇ ਪੱਖ ਦੇ ਨਾਲ ਸਾਂਝਾ ਕੀਤਾ ਜਾ ਸਕਦਾ ਹੈ; ਅਤੇ
2. ਇਹ ਯਕੀਨੀ ਬਣਾਉਣ ਲਈ ਪ੍ਰਬੰਧ ਕਰਦਾ ਹੈ ਕਿ ਤੀਜਾ ਪੱਖ ਇਸ ਹਿੱਸੇ ਦੇ ਤਹਿਤ ਲੋੜ ਹੋਣ ਵਜੋਂ ਉਸੇ ਤਰੀਕੇ ਨਾਲ ਨਿਜੀ ਜਾਣਕਾਰੀ ਦੀ ਗੁੱਪਤਤਾ ਨੂੰ ਕਾਇਮ ਰੱਖਦਾ ਹੈ; ਜਾਂ

vi. ਖੁਲਾਸਾ ਵਾਸਤਵਿਕ ਜਾਂ ਸੰਭਾਵੀ ਧੋਖੇਬਾਜ਼ੀ, ਗੈਰ-ਅਧਿਕਾਰਤ ਲੈਣ-ਦੇਣ ਜਾਂ ਦਾਅਵਿਆਂ ਤੋਂ ਬਚਣ ਜਾਂ ਇਸ ਨੂੰ ਰੋਕਣ ਲਈ ਕੀਤਾ ਜਾਂਦਾ ਹੈ, ਜੇ ਸਦੱਸ ਵਿਅਕਤੀਗਤ ਜਾਣਕਾਰੀ ਦੀ ਗੁੱਪਤਤਾ ਬਣਾਏ ਰੱਖਣ ਲਈ ਤੀਜੇ ਪੱਖ ਦੇ ਨਾਲ ਇਸ ਭਾਗ ਦੇ ਤਹਿਤ ਲੋੜੀਂਦੇ ਤਰੀਕੇ ਨਾਲ ਵਿਵਸਥਾ ਕਰਦਾ ਹੈ।-

c. "ਤੀਜੇ ਪੱਖ" ਦਾ ਭਾਵ ਹੈ ਕਿ ਸਦੱਸ ਦੇ ਰੂਪ ਵਿੱਚ ਸਮਾਨ ਸਮੂਹ ਨਾਲ ਸਬੰਧਤ ਵਿਅਕਤੀ ਸਮੇਤ ਸਬੰਧਤ ਸਦੱਸ ਤੋਂ ਇਲਾਵਾ ਕੋਈ ਹੋਰ ਵਿਅਕਤੀ।

14. A. ਸ਼ੁਰੂਆਤੀ ਅਤੇ ਨਿਰੰਤਰ ਦੋਹਾਂ ਦੇ ਅਧਾਰ ਤੇ ਨਿਰਪੱਖ ਖੁਲਾਸੇ ਦੀ ਲੋੜ

a. ਸਦੱਸ ਨੂੰ ਜਾਣਕਾਰੀ ਜੋ ਸੰਭਾਵੀ ਤੌਰ ਤੇ ਇੱਕ ਸੂਚਿਤ ਸਹਿ-ਵਿਹਾਰਕ ਫੈਸਲਾ ਲੈਣ ਵਾਸਤੇ ਗਾਹਕ ਲਈ ਜ਼ਰੂਰੀ ਹੈ, ਦੇ ਨਿਰਪੱਖ ਖੁਲਾਸੇ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

b. ਨਿਰਪੱਖ ਖੁਲਾਸਾ ਕਰਨ ਦੇ ਕ੍ਰਮ ਵਿੱਚ, ਜਾਣਕਾਰੀ –

i. ਵਿੱਤੀ ਕਰਾਰ ਵਿੱਚ ਗਾਹਕ ਦੇ ਦਾਖਲ ਹੋਣ ਤੋਂ ਪਹਿਲਾਂ ਉੱਚਿਤ ਤਰੀਕੇ ਨਾਲ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਜਾਣਕਾਰੀ ਸਮਝਣ ਲਈ ਗਾਹਕ ਨੂੰ ਉੱਚਿਤ ਸਮਾਂ ਮਿਲ ਸਕੇ;

ii. ਲਿੱਖਤ ਵਿੱਚ ਅਤੇ ਇਸ ਤਰ੍ਹਾਂ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਕਿ ਇੱਕ ਖਾਸ ਸ਼ਰੇਣੀ ਨਾਲ ਸਬੰਧਤ ਗਾਹਕ ਦੀ ਸਮਝ ਵਿੱਚ ਆ ਸਕੇ, ਅਤੇ

iii. ਇਸ ਤਰ੍ਹਾਂ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਕਿ ਗਾਹਕ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦੀ ਹੋਰ ਸਮਾਨ ਵਿੱਤੀ ਉਤਪਾਦਾਂ ਜਾਂ ਵਿੱਤੀ ਸੇਵਾਵਾਂ ਦੇ ਨਾਲ ਉੱਚਿਤ ਤੁਲਨਾ ਕਰਨ ਵਿੱਚ ਯੋਗ ਹੋਵੇ।

c. ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦੇ ਸਬੰਧ ਵਿੱਚ ਗਾਹਕ ਨੂੰ ਜਿਸ ਤਰ੍ਹਾਂ ਦੀ ਜਾਣਕਾਰੀ ਦੱਸੀ ਜਾਣੀ ਚਾਹੀਦੀ ਹੈ ਉਸ ਵਿੱਚ ਹੇਠਾਂ ਨਾਲ ਸਬੰਧਤ ਜਾਣਕਾਰੀ ਸ਼ਾਮਲ ਹੋ ਸਕਦੀ ਹੈ –

i. ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦੇ ਲੱਛਣਾਂ, ਗਾਹਕ ਲਈ ਫਾਇਦਿਆਂ ਅਤੇ ਜੋਖਮ ਸਮੇਤ ਇਸ ਦੀਆਂ ਮੁੱਖ ਖਾਸੀਅਤਾਂ;

ii. ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਲਈ ਭੁਗਤਾਨ ਕੀਤੇ ਜਾਣ ਵਾਲੇ ਪ੍ਰਤੀਫਲ ਜਾਂ ਤਰੀਕਾ ਜਿਸ ਨਾਲ ਪ੍ਰਤੀਫਲ ਦੀ ਗਿਣਤੀ ਕੀਤੀ ਜਾਂਦੀ ਹੈ;

iii. ਵਿੱਤੀ ਉਤਪਾਦ ਜਾਂ ਵਿੱਤੀ ਕਰਾਰ ਦੀ ਕਿਸੇ ਵੀ ਸ਼ਰਤ ਦੀ ਮੌਜੂਦਗੀ, ਬਾਈਕਾਟ ਜਾਂ ਪ੍ਰਭਾਵ;

iv. ਸਦੱਸ ਦੀ ਪਛਾਣ, ਨਿਯਾਮਕ ਸਥਿਤੀ ਅਤੇ ਸਬੰਧਾਂ ਸਮੇਤ ਇਸ ਦਾ ਸੁਭਾਅ, ਗੁਣ ਅਤੇ ਅਧਿਕਾਰ;

v. ਸਦੱਸ ਦਾ ਸੰਪਰਕ ਵਿਵਰਣ ਅਤੇ ਸਦੱਸ ਅਤੇ ਗਾਹਕ ਦੇ ਵਿੱਚ ਉਪਯੋਗ ਕੀਤੇ ਜਾਣ ਵਾਲੇ ਸੰਚਾਰ ਦੇ ਤਰੀਕੇ;

vi. ਨਿਰਧਾਰਤ ਅਵਧੀ ਦੇ ਅੰਦਰ ਵਿੱਤੀ ਕਰਾਰ ਰੱਦ ਕਰਨ ਦੇ ਗਾਹਕ ਦੇ ਅਧਿਕਾਰ; ਜਾਂ

vii. ਕਿਸੇ ਵੀ ਕਨੂੰਨ ਜਾਂ ਨਿਯਾਮਕ ਦੇ ਤਹਿਤ ਗਾਹਕ ਦੇ ਅਧਿਕਾਰ।

14. B.

a. ਸਦੱਸ ਨੂੰ ਉਸ ਗਾਹਕ ਨੂੰ ਹੇਠਾਂ ਨਿਰੰਤਰ ਖੁਲਾਸਿਆਂ ਦੇ ਬਾਰੇ ਦੱਸਣਾ ਚਾਹੀਦਾ ਹੈ ਜੋ ਇਸ ਦੁਆਰਾ ਪ੍ਰਦਾਨ ਕੀਤੇ ਗਏ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦਾ ਫਾਇਦਾ ਚੁੱਕ ਰਿਹਾ ਹੈ –

i. ਉਸ ਜਾਣਕਾਰੀ ਦੀ ਕਿਸੇ ਵੀ ਸਮੱਗਰੀ ਵਿੱਚ ਤਬਦੀਲੀ ਜਿਸ ਦਾ ਉਸ ਸਮੇਂ ਤੇ ਜਦੋਂ ਗਾਹਕ ਨੇ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦਾ ਸ਼ੁਰੂ ਵਿੱਚ ਫਾਇਦਾ ਚੁੱਕਿਆ, ਬਿੰਦੂ 14.A ਦੇ ਤਹਿਤ ਖੁਲਾਸਾ ਕਰਨਾ ਜ਼ਰੂਰੀ ਸੀ;

ii. ਗਾਹਕ ਦੁਆਰਾ ਗ੍ਰਹਿਣ ਕੀਤੇ ਗਏ ਵਿੱਤੀ ਉਤਪਾਦ ਦੀ ਸਥਿਤੀ ਜਾਂ ਪ੍ਰਦਰਸ਼ਨ ਨਾਲ ਸਬੰਧਤ ਜਾਣਕਾਰੀ ਜੋ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਵਿੱਚ ਅਧਿਕਾਰਾਂ ਜਾਂ ਹਿੱਤਾਂ ਦਾ ਮੁਲਾਂਕਣ ਕਰਨ ਲਈ ਜ਼ਰੂਰੀ ਹੋ ਸਕਦੀ ਹੈ; ਅਤੇ

iii. ਕੋਈ ਹੋਰ ਜਾਣਕਾਰੀ ਜੋ ਨਿਰਦਿਸ਼ਟ ਕੀਤੀ ਜਾ ਸਕਦੀ ਹੈ।

b. ਨਿਰੰਤਰ ਖੁਲਾਸਾ ਕੀਤਾ ਜਾਣਾ ਚਾਹੀਦਾ ਹੈ –

i. ਕਿਸੇ ਸਮੱਗਰੀ ਤਬਦੀਲੀ ਦੀ ਘਟਨਾ ਨਾਲ ਉੱਚਿਤ ਸਮੇਂ ਅਵਧੀ ਦੇ ਅੰਦਰ ਜਾਂ ਉੱਚਿਤ ਅਵਧੀ ਦੇ ਅੰਤਰਾਲ ਤੇ, ਜਿਵੇਂ ਲਾਗੂ ਹੋਵੇ; ਅਤੇ

ii. ਲਿੱਖਤ ਵਿੱਚ ਅਤੇ ਇਸ ਤਰੀਕੇ ਨਾਲ ਕਿ ਉਸ ਸ਼ਰੇਣੀ ਨਾਲ ਸਬੰਧਤ ਗਾਹਕ ਦੁਆਰਾ ਸਮਝਿਆ ਜਾ ਸਕੇ।

ਮਾਰਜਨ

15. ਗਾਹਕ ਲਾਗੂ ਸ਼ੁਰੂਆਤੀ ਮਾਰਜਨ, ਕੱਟੀ ਹੋਈ ਮਾਰਜਨ, ਖਾਸ ਮਾਰਜਨ ਜਾਂ ਅਜਿਹੇ ਹੋਰ ਸਾਰੇ ਮਾਰਜਨਾਂ ਦਾ ਭੁਗਤਾਨ ਕਰੇਗਾ ਜਿਨ੍ਹਾਂ ਨੂੰ ਸਦੱਸ ਜਾਂ ਐਕਸਚੇਂਜ ਦੁਆਰਾ ਜ਼ਰੂਰੀ ਮੰਨਿਆ ਜਾਂਦਾ ਹੈ ਜਾਂ ਜਿਵੇਂ ਸਮੇਂ-ਸਮੇਂ ਤੇ ਗਾਹਕ ਦੁਆਰਾ ਟ੍ਰੇਡ ਕੀਤੇ ਜਾਣ ਵਾਲੇ ਸੈਗਮੈਂਟ(ਟਾਂ) ਤੇ ਲਾਗੂ SEBI ਦੇ ਦਿਸ਼ਾ-ਨਿਰਦੇਸ਼ਾਂ ਦੇ ਮੁਤਾਬਕ ਜ਼ਰੂਰੀ ਮੰਨਿਆ ਜਾਂਦਾ ਹੈ । ਸਦੱਸ ਨੂੰ ਆਪਣੀ ਇਕੱਲੀ ਅਤੇ ਸੰਪੂਰਨ ਸੂਝ ਵਿੱਚ ਵਾਧੂ ਮਾਰਜਨ ਇਕੱਤਰ ਕਰਨ ਦੀ ਅਨੁਮਤੀ ਹੈ (ਭਾਵੇਂ ਹੀ ਐਕਸਚੇਂਜ ਜਾਂ SEBI ਦੁਆਰਾ ਜ਼ਰੂਰੀ ਨਾ ਹੋਵੇ) ਅਤੇ ਗਾਹਕ ਨਿਰਧਾਰਤ ਸਮੇਂ ਦੇ ਅੰਦਰ ਅਜਿਹੇ ਮਾਰਜਨਾਂ ਦਾ ਭੁਗਤਾਨ ਕਰਨ ਲਈ ਬਾਧਕਾਰੀ ਹੋਵੇਗਾ।

16. ਗਾਹਕ ਸਮਝਦਾ ਹੈ ਕਿ ਗਾਹਕ ਦੁਆਰਾ ਮਾਰਜਨ ਦਾ ਭੁਗਤਾਨ ਜ਼ਰੂਰੀ ਤੌਰ ਤੇ ਸਾਰੇ ਬਕਾਇਆਂ ਦੀ ਪੂਰਤੀ ਨਹੀਂ ਕਰਦਾ ਹੈ । ਲਗਾਤਾਰ ਮਾਰਜਨਾਂ ਦਾ ਭੁਗਤਾਨ ਕਰਨ ਦੇ ਬਾਵਜੂਦ ਵੀ ਗਾਹਕ, ਆਪਣੇ ਟ੍ਰੇਡ ਦੇ ਨਿਪਟਾਨ ਤੇ, ਕਰਾਰ ਦੇ ਮੁਤਾਬਕ ਨਿਰਦਿਸ਼ਟ ਜ਼ਰੂਰੀ ਉਨ੍ਹਾਂ ਸਾਰੀਆਂ ਰਕਮਾਂ ਦਾ ਭੁਗਤਾਨ ਕਰਨ ਲਈ ਬਾਧਕਾਰੀ (ਜਾਂ ਪ੍ਰਾਪਤ ਕਰਨ ਦਾ ਹੱਕਦਾਰ) ਹੈ।

ਲੈਣ-ਦੇਣ ਜਾਂ ਨਿਪਟਾਨ

17. ਗਾਹਕ ਕਮੋਡਿਟੀਜ਼/ਡੇਰਿਵੇਟਿਵ ਕਾਂਟ੍ਰੈਕਟ ਦੀ ਖਰੀਦ ਜਾਂ ਵਿਕਰੀ ਲਈ ਕੋਈ ਵੀ ਆਦੇਸ਼ ਲਿੱਖਤ ਵਿੱਚ ਜਾਂ ਉਸ ਹੋਰ ਰੂਪ ਜਾਂ ਤਰੀਕੇ ਨਾਲ ਦੇਵੇਗਾ ਜਿਸ ਤੇ ਗਾਹਕ ਅਤੇ ਸਦੱਸ ਪਰਸਪਰ ਸਹਿਮਤ ਹੋਣ । ਹਾਲਾਂਕਿ ਸਦੱਸ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਇਸ ਸਬੰਧ ਵਿੱਚ ਨਿਯਾਮਕੀ ਲੋੜਾਂ ਦੀ ਪਾਲਣਾ ਕੀਤੀ ਜਾਵੇ । ਸਦੱਸ ਸਿਰਫ ਉਸ ਗਾਹਕ ਨੂੰ ਵੰਡੇ ਅਨੂਠੇ ਗਾਹਕ ਕੋਡ ਵਿੱਚ ਆਦੇਸ਼ ਦੇਣ ਅਤੇ ਟ੍ਰੇਡਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਵੇਗਾ।

18. ਸਦੱਸ ਗਾਹਕ ਨੂੰ ਟ੍ਰੇਡਿੰਗ/ਨਿਪਟਾਨ ਚੱਕਰ, ਡਿਲਿਵਰੀ/ਭੁਗਤਾਨ ਅਨੁਸੂਚੀ, ਉਸ ਵਿੱਚ ਸਮੇਂ-ਸਮੇਂ ਤੇ ਹੋਣ ਵਾਲੀਆਂ ਤਬਦੀਲੀਆਂ ਦੇ ਬਾਰੇ ਸੂਚਿਤ ਕਰੇਗਾ ਅਤੇ ਉਸ ਨੂੰ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਰਹੇਗਾ, ਅਤੇ ਉਸ ਸਬੰਧਤ ਕਮੋਡਿਟੀ ਐਕਸਚੇਂਜ ਦੀਆਂ ਅਜਿਹੀਆਂ ਅਨੁਸੂਚੀਆਂ/ਪਰਕਿਰਿਆਵਾਂ ਦੀ ਪਾਲਣਾ ਕਰਨਾ ਗਾਹਕ ਦੀ ਜ਼ੁੰਮੇਵਾਰੀ ਹੋਵੇਗੀ ਜਿੱਥੇ ਟ੍ਰੇਡ ਦੀ ਪਾਲਣਾ ਕੀਤੀ ਗਈ ਹੈ।

19. ਸਦੱਸ ਇਹ ਯਕੀਨੀ ਬਣਾਵੇਗਾ ਕਿ ਗਾਹਕ ਵੱਲੋਂ ਜਮ੍ਹਾ ਕੀਤੀ ਰਕਮ/ਸਿਕਿਓਰਿਟੀ ਨੂੰ ਇੱਕ ਵੱਖ ਖਾਤੇ ਵਿੱਚ ਰੱਖਿਆ ਜਾਵੇ, ਆਪਣੇ ਜਾਂ ਕਿਸੇ ਹੋਰ ਗਾਹਕ ਦੇ ਖਾਤੇ ਤੋਂ ਵੱਖ, ਅਤੇ ਇਸ ਦਾ ਇਸਤੇਮਾਲ ਸਦੱਸ ਵੱਲੋਂ ਖੁਦ ਲਈ ਜਾਂ ਕਿਸੇ ਹੋਰ ਗਾਹਕ ਜਾਂ ਕਿਸੇ ਹੋਰ ਮਕਸਦ ਲਈ ਨਾ ਹੋਵੇ ਸਿਵਾਏ ਉਹਨਾਂ ਮਕਸਦਾਂ ਦੇ ਜੋ SEBI ਦੇ ਨਿਯਮ, ਸਰਕੁਲਰ, ਨੋਟਿਸ, ਸੇਧਾਂ ਅਤੇ/ਜਾਂ ਐਕਸਚੇਂਜ ਦੇ ਨਿਯਮ, ਵਪਾਰਕ ਨਿਯਮਾਂ, ਉਪ-ਨਿਯਮ, ਸਰਕੁਲਰ ਅਤੇ ਨੋਟਿਸਾਂ ਵਿੱਚ ਦੱਸਿਆ ਗਿਆ ਹੈ।

20. ਜਿੱਥੇ ਐਕਸਚੇਂਜ ਆਪਣੇ ਹੀ ਮਤੇ ਤੇ ਵਪਾਰ ਰੱਦ ਕਰਦਾ ਹੈ ਤਾਂ ਅਜਿਹੇ ਸਾਰੇ ਵਪਾਰ, ਉਹਨਾਂ ਵਪਾਰਾਂ ਸਮੇਤ ਜੋ ਗਾਹਕ ਦੇ ਵੱਲੋਂ ਕੀਤੇ ਜਾ ਰਹੇ ਹਨ, ਰੱਦ ਮੰਨੇ ਜਾਣਗੇ, ਸਦੱਸ ਨੂੰ ਗਾਹਕ(ਕਾਂ) ਦੇ ਨਾਲ ਕ੍ਰਮਵਾਰ ਕਾਂਟ੍ਰੈਕਟ ਰੱਦ ਕਰਨ ਦਾ ਅਧਿਕਾਰ ਹੋਵੇਗਾ।

21. ਐਕਸਚੇਂਜ ਉੱਪਰ ਕੀਤੇ ਲੈਣ-ਦੇਣ ਵਪਾਰ ਕਰਨ ਲਈ ਐਕਸਚੇਂਜ ਹੇਠ ਜਾਰੀ ਕੀਤੇ ਨਿਯਮ, ਉਪ-ਨਿਯਮ ਅਤੇ ਵਪਾਰਕ ਨਿਯਮ ਅਤੇ ਸਰਕੂਲਰ/ਨੋਟਿਸ ਦੇ ਅਧੀਨ ਹਨ ਅਤੇ ਅਜਿਹੇ ਵਪਾਰ ਪ੍ਰਤਿ ਸਾਰੀਆਂ ਧਿਰਾਂ ਨੇ ਅਜਿਹੀ ਅਦਾਲਤ ਦੇ ਅਧਿਕਾਰ ਖੇਤਰ ਦੇ ਅਧੀਨ ਹੋਣਾ ਹੈ ਜੋ ਕਿ ਐਕਸਚੇਂਜਾਂ ਦੇ ਉਪ-ਨਿਯਮ ਅਤੇ ਵਪਾਰਕ ਨਿਯਮਾਂ ਦੁਆਰਾ ਨਿਰਦੇਸ਼ਿਤ ਹੋਵੇ ਜਿੱਥੇ ਵਪਾਰ ਤੇ ਅਮਲ ਹੋਇਆ ਸੀ, ਅਜਿਹਾ ਐਕਸਚੇਂਜਾਂ ਦੇ ਨਿਯਮ, ਉਪ-ਨਿਯਮ ਅਤੇ ਵਪਾਰਕ ਨਿਯਮਾਂ ਅਤੇ ਉਸ ਹੇਠ ਜਾਰੀ ਕੀਤੇ ਸਰਕੂਲਰ/ਨੋਟਿਸ ਦੇ ਪ੍ਰਯੋਜਨਾਂ ਨੂੰ ਅਮਲ ਦੇਣ ਦੇ ਮਕਸਦ ਲਈ ਜ਼ਰੂਰੀ ਹੁੰਦਾ ਹੈ।

ਬ੍ਰੋਕਰੇਜ (ਦਲਾਲੀ)

22. ਗਾਹਕ ਸਦੱਸ ਨੂੰ ਬ੍ਰੋਕਰੇਜ ਅਤੇ ਵਿਧਾਨਿਕ ਖਰਚ ਭਰੇਗਾ ਜੋ ਸਮੇਂ ਸਮੇਂ ਤੇ ਮੌਜੂਦ ਹੁੰਦੇ ਹਨ ਅਤੇ ਜਿਸ ਤਰ੍ਹਾਂ ਉਹ ਗਾਹਕ ਦੇ ਖਾਤੇ, ਲੈਣ-ਦੇਣ ਅਤੇ ਉਹਨਾਂ ਸੇਵਾਵਾਂ ਨੂੰ ਲਾਗੂ ਹੁੰਦੇ ਹਨ ਜੋ ਸਦੱਸ ਗਾਹਕ ਨੂੰ ਦਿੰਦੇ ਹੈ । ਸਦੱਸ ਨੇ ਉਸ ਤੋਂ ਵੱਧ ਬ੍ਰੋਕਰੇਜ ਚਾਰਜ ਨਹੀਂ ਕਰਨਾ ਹੈ ਜੋ ਕਿ ਢੁੱਕਵੇਂ ਕਮੋਡਿਟੀ ਐਕਸਚੇਂਜ ਦੇ ਨਿਯਮਾਂ, ਵਪਾਰਕ ਨਿਯਮਾਂ ਅਤੇ ਉਪ-ਨਿਯਮਾਂ ਅਤੇ/ਜਾਂ SEBI ਦੇ ਨਿਯਮ ਮੁਤਾਬਕ ਪ੍ਰਵਾਨਤ ਹੋਣ।

ਲਿਕੁਇਡੇਸ਼ਨ (ਦਿਵਾਲਾ) ਅਤੇ ਪੋਜੀਸ਼ਨ ਤੋਂ ਬੰਦ ਕਰਨਾ

23. ਸਦੱਸ ਦੇ ਦੂਸਰੇ ਅਧਿਕਾਰਾਂ ਦੇ ਪੱਖਪਾਤ ਕੀਤੇ ਬਿਨ੍ਹਾਂ (ਕਿਸੇ ਮਸਲੇ ਦੇ ਸਾਲਸੀ ਕਰਨ ਦੇ ਅਧਿਕਾਰ ਸਮੇਤ) ਗਾਹਕ ਸਮਝਦਾ ਹੈ ਕਿ ਮਾਰਜਨ ਜਾਂ ਹੋਰ ਰਕਮ, ਬਾਕੀ ਰਹਿੰਦਾ ਰਿਣ, ਆਦਿ ਦਾ ਭੁਗਤਾਨ ਨਾ ਹੋਣ ਦੇ ਮਾਮਲੇ ਵਿੱਚ ਸਦੱਸ ਨੂੰ ਅਧਿਕਾਰ ਹੈ ਕਿ ਉਹ ਗਾਹਕ ਦੀ ਕੋਈ ਜਾਂ ਸਾਰੀ ਪੋਜੀਸ਼ਨ ਲਿਕੁਇਡੇਟ/ਬੰਦ ਕਰ ਸਕੇ ਅਤੇ ਅਜਿਹੇ ਲਿਕੁਇਡੇਟ/ਬੰਦ ਕਰਨ ਵੱਜੋਂ ਆਈ ਰਕਮ ਨੂੰ, ਜੋ ਹੋਵੇ, ਗਾਹਕ ਦੀਆਂ ਦੇਣਦਾਰੀਆਂ/ਜਿੰਮੇਵਾਰੀਆਂ ਸਾਮ੍ਹਣੇ ਐਡਜਸਟ ਕਰੇ। ਅਜਿਹੇ ਲਿਕੁਇਡੇਟ/ਬੰਦ ਕਰਨ ਵੱਜੋਂ ਹੋਈ ਕੋਈ ਵੀ ਜਾਂ ਸਾਰੀ ਹਾਨੀ ਅਤੇ ਆਰਥਿਕ ਖਰਚ ਗਾਹਕ ਤੋਂ ਚਾਰਜ ਕੀਤੇ ਜਾਣਗੇ ਅਤੇ ਉਸ ਨੇ ਭਰਨੇ ਹਨ।

24. ਗਾਹਕ ਦੀ ਮੌਤ ਜਾਂ ਦਿਵਾਲੀਆਪਣ ਦੀ ਹਾਲਤ ਵਿੱਚ ਜਾਂ ਜੋ ਗਾਹਕ ਨੇ ਖਰੀਦਣ ਜਾਂ ਵੇਚਣ ਦੀ ਹਦਾਇਤ ਦਿੱਤੀ ਹੈ ਉਹ ਕਮੋਡਿਟੀਜ਼ ਨੂੰ, ਪ੍ਰਾਪਤ ਕਰਨ ਤੇ ਭਰਨ ਜਾਂ ਡਲਿਵਰ ਕਰਨ ਜਾਂ ਟ੍ਰਾਂਸਫਰ ਕਰਨ ਦੀ ਸਮਰੱਥਾ ਨਾ ਰਹਿਣ ਤੇ ਸਦੱਸ ਗਾਹਕ ਨਾਲ ਲੈਣ-ਦੇਣ ਬੰਦ ਕਰ ਸਕਦਾ ਹੈ ਅਤੇ ਹਾਨੀ ਲਈ, ਜੇ ਕੋਈ ਹੁੰਦੀ ਹੈ, ਤਾਂ ਗਾਹਕ ਦੀ ਜਾਇਦਾਦ ਵਿਰੁੱਧ ਦਾਅਵਾ ਕਰ ਸਕਦਾ ਹੈ । ਇਸ ਦੇ ਨਤੀਜੇ ਵੱਜੋਂ ਜੇ ਕੁੱਝ ਬਕਾਇਆ ਰਹਿ ਜਾਂਦਾ ਹੈ ਤਾਂ ਇਸ ਦਾ ਹੱਕਦਾਰ ਹੋਵੇਗਾ ਗਾਹਕ ਜਾਂ ਉਸ ਦੁਆਰਾ ਨਾਮਜਦ ਵਿਅਕਤੀ, ਵਾਰਸ, ਜਾਨਸ਼ੀਨ ਅਤੇ ਸਪੁਰਦਦਾਰ । ਗਾਹਕ ਇਸ ਦਾ ਖਿਆਲ ਰੱਖੇਗਾ ਕਿ ਨਾਮਜਦ ਵਿਅਕਤੀ ਦੇ ਹੱਕ ਵਿੱਚ ਫੰਡ/ਕਮੋਡਿਟੀਜ਼ ਦਾ ਟ੍ਰਾਂਸਫਰ ਸਦੱਸ ਵੱਲੋਂ ਕਾਨੂੰਨੀ ਵਾਰਸ ਦੇ ਵਿਰੁੱਧ ਵੈਧ ਡਿਸਚਾਰਜ ਹੋਵੇਗਾ।

ਵਿਵਾਦ ਦਾ ਸਮਾਧਾਨ

25. ਸਦੱਸ ਆਪਣੇ ਜ਼ਰੀਏ ਕੀਤੇ ਜਾਣ ਵਾਲੇ ਸਾਰੇ ਲੈਣ-ਦੇਣਾਂ ਦੇ ਸਬੰਧ ਵਿੱਚ ਗਾਹਕਾਂ ਦੀ ਸ਼ਿਕਾਇਤਾਂ ਦਾ ਸਮਾਧਾਨ ਕਰਨ ਵਿੱਚ ਸਹਿਯੋਗ ਕਰੇਗਾ।

26. ਗਾਹਕ ਅਤੇ ਸਦੱਸ ਜਮਾਂ, ਮਾਰਜਨ ਰਕਮ ਆਦਿ ਦੇ ਹਵਾਲੇ ਵਿੱਚ ਕਿਸੇ ਵੀ ਦਾਅਵੇ ਅਤੇ ਜਾਂ ਵਿਵਾਦਾਂ ਨੂੰ ਉਨ੍ਹਾਂ ਐਕਸਚੇਂਜਾਂ ਦੇ ਸਮੇਂ-ਸਮੇਂ ਪ੍ਰਭਾਵੀ ਹੋ ਸਕਣ ਵਾਲੇ ਨਿਯਮਾਂ, ਉਪ-ਨਿਯਮਾਂ ਅਤੇ ਕਾਰੋਬਾਰੀ ਨਿਯਮਾਂ ਅਤੇ ਉਸ ਦੇ ਅਧੀਨ ਜਾਰੀ ਪਰਿ-ਪੱਤਰਾਂ/ਨੋਟਿਸਾਂ ਦੇ ਮੁਤਾਬਕ ਵਿਚੋਲਗੀ ਲਈ ਪ੍ਰਸਤੂਤ ਕਰਣਗੇ ਜਿੱਥੇ ਟ੍ਰੇਡ ਦੀ ਪਾਲਣਾ ਕੀਤੀ ਗਈ ਹੈ।

27. ਗਾਹਕ/ਸਦੱਸ ਸਮਝਦਾ ਹੈ ਕਿ ਵਿਵਾਦ ਸਮਾਧਾਨ ਲਈ ਗਾਹਕ/ਸਟਾਕ ਬ੍ਰੋਕਰ ਦੇ ਇੱਕ ਅਧਿਕਾਰਤ ਨੁਮਾਇੰਦੇ ਦੁਆਰਾ ਜਾਰੀ ਨਿਰਦੇਸ਼, ਜੇ ਕੋਈ ਹੋਣ, ਕਥਿਤ ਨੁਮਾਇੰਦੇ ਨੂੰ ਕਥਿਤ ਗਾਹਕ/ਸਦੱਸ ਵਲੋਂ ਸੌਦਾ ਕਰਨ ਲਈ ਅਧਿਕਾਰਤ ਕਰਦੇ ਹੋਏ ਪੱਤਰ ਦੇ ਮੁਤਾਬਕ ਗਾਹਕ/ਸਦੱਸ ਤੇ ਲਾਗੂ ਹੋਣਗੇ।

28. ਹਰੇਕ ਸਦੱਸ ਦੇ ਕੋਲ ਇੱਕ ਪ੍ਰਭਾਵੀ ਸ਼ਿਕਾਇਤ ਸਮਾਧਾਨ ਤੰਤਰ ਜੋ ਇਸ ਦੇ ਸਾਰੇ ਗਾਹਕਾਂ ਲਈ ਉਪਲਬਧ ਹੋਵੇ, ਹੋਣ ਦੀ ਲੋੜ

a. ਸਦੱਸ ਦੇ ਕੋਲ ਖੁਦ ਦੁਆਰਾ ਪ੍ਰਦਾਨ ਕੀਤੇ ਗਏ ਵਿੱਤੀ ਉਤਪਾਦਾਂ ਜਾਂ ਵਿੱਤੀ ਸੇਵਾਵਾਂ ਦੇ ਸਬੰਧ ਵਿੱਚ ਆਪਣੇ ਗਾਹਕਾਂ ਤੋਂ ਜਾਂ ਖੁਦ ਵਲੋਂ, ਤੁਰੰਤ ਅਤੇ ਨਿਰਪੱਖ ਤਰੀਕੇ ਨਾਲ ਸ਼ਿਕਾਇਤਾਂ ਪ੍ਰਾਪਤ ਕਰਨ ਅਤੇ ਉਨ੍ਹਾਂ ਦਾ ਸਮਾਧਾਨ ਕਰਨ ਲਈ ਇੱਕ ਪ੍ਰਭਾਵੀ ਤੰਤਰ ਹੋਣਾ ਚਾਹੀਦਾ ਹੈ।

b. ਸਦੱਸ ਨੂੰ ਗਾਹਕ ਦੇ ਨਾਲ ਸਬੰਧ ਦੀ ਸ਼ੁਰੂਆਤ ਵਿੱਚ ਅਤੇ ਇਸ ਤਰ੍ਹਾਂ ਹੋਰ ਸਮੇਂ ਤੇ ਜਦੋਂ ਗਾਹਕ ਲਈ ਸੰਭਾਵੀ ਤੌਰ ਤੇ ਜਾਣਕਾਰੀ ਜ਼ਰੂਰੀ ਹੈ, ਗਾਹਕ ਨੂੰ ਇਹ ਸੂਚਿਤ ਕਰਨਾ ਚਾਹੀਦਾ ਹੈ –

   i. ਕਿ ਕਿਸੇ ਵੀ ਸ਼ਿਕਾਇਤ ਜਾ ਸਮਾਧਾਨ ਕਰਨ ਦਾ ਜਤਨ ਕਰਨਾ ਗਾਹਕ ਦਾ ਅਧਿਕਾਰ ਹੈ; ਅਤੇ

   ii. ਆਪਣੇ ਗਾਹਕਾਂ ਤੋਂ ਸ਼ਿਕਾਇਤਾਂ ਪ੍ਰਾਪਤ ਕਰਨ ਅਤੇ ਉਨ੍ਹਾਂ ਦਾ ਸਮਾਧਾਨ ਕਰਨ ਲਈ ਸਦੱਸ ਦੁਆਰਾ ਪਰਕਿਰਿਆਵਾਂ ਦੀ ਪਾਲਣਾ ਕੀਤੀ ਜਾਂਦੀ ਹੈ।

29. A. ਗਾਹਕ ਲਈ ਸਲਾਹ ਦੀ ਉੱਚਿਤਤਾ

ਅਜਿਹੀ ਸਲਾਹ ਪ੍ਰਾਪਤ ਕਰਨ ਦਾ ਅਧਿਕਾਰ ਜੋ ਗਾਹਕ ਦੇ ਸਬੰਧਤ ਵਿਅਕਤੀਗਤ ਹਲਾਤਾਂ ਜਿਵੇਂ ਕਿ ਗਾਹਕਾਂ ਦੇ ਵਿੱਤੀ ਹਲਾਤਾਂ ਅਤੇ ਲੋੜਾਂ ਤੇ ਵਿਚਾਰ ਕਰਨ ਲਈ ਉੱਚਿਤ ਹੋਵੇ । ਇਹ ਫਰਜ਼ ਉਸ ਵਿਅਕਤੀ ਤੇ ਲਾਗੂ ਹੋਵੇਗਾ ਜੋ ਗਾਹਕਾਂ ਨੂੰ ਸਲਾਹ ਦਿੰਦਾ ਹੈ ਅਤੇ ਨਿਯਾਮਕ ਵਿੱਤੀ ਉਤਪਾਦਾਂ ਅਤੇ ਸੇਵਾਵਾਂ ਦੀਆਂ ਸ਼੍ਰੇਣੀਆਂ ਨਿਰਦਿਸ਼ਟ ਕਰ ਸਕਦਾ ਹੈ ਜੋ ਇਸ ਤਰ੍ਹਾਂ ਦੀ ਸਲਾਹ ਦਿੱਤੇ ਜਾਣ ਲਈ ਕਾਫੀ ਜ਼ਰੂਰੀ ਹੈ।

a. ਸਦੱਸ –

   i. ਨੂੰ ਗਾਹਕ ਦੇ ਸਬੰਧਤ ਵਿਅਕਤੀਗਤ ਹਲਾਤਾਂ ਦੇ ਬਾਰੇ ਸਹੀ ਅਤੇ ਕਾਫੀ ਜਾਣਕਾਰੀ ਪ੍ਰਾਪਤ ਕਰਨ ਲਈ ਸਾਰੇ ਜਤਨ ਕਰਨੇ ਚਾਹੀਦੇ ਹਨ; ਅਤੇ

   ii. ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਗਾਹਕ ਦੇ ਸਬੰਧਤ ਵਿਅਕਤੀਗਤ ਹਲਾਤਾਂ ਤੇ ਉੱਚਿਤ ਢੰਗ ਨਾਲ ਵਿਚਾਰ ਕਰਨ ਤੋਂ ਬਾਅਦ ਦਿੱਤੀ ਗਈ ਸਲਾਹ ਗਾਹਕ ਲਈ ਉੱਚਿਤ ਹੋਵੇ।

b. ਜੇ ਸਦੱਸ ਨੂੰ ਇਹ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਗਾਹਕ ਦੇ ਸਬੰਧਤ ਵਿਅਕਤੀਗਤ ਹਲਾਤਾਂ ਨਾਲ ਸਬੰਧਤ ਉਪਲਬਧ ਜਾਣਕਾਰੀ ਅਧੂਰੀ ਜਾਂ ਗਲਤ ਹੈ ਤਾਂ ਸਦੱਸ ਨੂੰ ਅਧੂਰੀ ਜਾਂ ਗਲਤ ਜਾਣਕਾਰੀ ਦੇ ਅਧਾਰ ਤੇ ਕਾਰਵਾਈ ਦੇ ਸਿੱਟਿਆਂ ਨਾਲ ਗਾਹਕ ਨੂੰ ਸਤਰਕ ਕਰ ਦੇਣਾ ਚਾਹੀਦਾ ਹੈ।

c. ਜੇ ਇਕ ਗਾਹਕ ਉਸ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਜਿਸ ਨੂੰ ਸਦੱਸ ਗਾਹਕ ਲਈ ਅਨੁਚਿਤ ਨਿਰਧਾਰਿਤ ਕਰਦਾ ਹੈ, ਦਾ ਫਾਇਦਾ ਚੁੱਕਣਾ ਚਾਹੀਦਾ ਹੈ ਤਾਂ ਸਦੱਸ –

   i. ਨੂੰ ਆਪਣੀ ਸਲਾਹ ਗਾਹਕ ਨੂੰ ਸਪਸ਼ਟ ਤੌਰ ਤੇ ਲਿੱਖਤ ਵਿੱਚ ਅਤੇ ਇਸ ਤਰੀਕੇ ਨਾਲ ਦੱਸ ਦੇਣੀ ਚਾਹੀਦੀ ਹੈ ਜਿਸ ਨੂੰ ਗਾਹਕ ਦੁਆਰਾ ਸਮਝੇ ਜਾਣ ਦੀ ਸੰਭਾਵਨਾ ਹੈ; ਅਤੇ

   ii. ਸਿਰਫ ਬਿੰਦੂ 29.A.a ਦੇ ਨਾਲ ਅਨੁਪਾਲਣ ਅਤੇ ਗਾਹਕ ਤੋਂ ਲਿੱਖਤ ਰਸੀਦ ਪ੍ਰਾਪਤ ਕਰਨ ਤੋਂ ਬਾਅਦ ਗਾਹਕ ਦੁਆਰਾ ਬੇਨਤੀ ਕੀਤੇ ਗਏ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਪ੍ਰਦਾਨ ਕਰ ਸਕਦਾ ਹੈ।

30. ਹਿੱਤ ਸੰਘਰਸ਼ ਨਾਲ ਨਿਪਟਣਾ

ਗਾਹਕ ਅਤੇ ਸਦੱਸ ਦੇ ਹਿੱਤਾਂ ਦੇ ਵਿੱਚ ਕਿਸੇ ਤਰ੍ਹਾਂ ਦੇ ਵਿਵਾਦ ਦੀ ਸਥਿਤੀ ਵਿੱਚ, ਗਾਹਕ ਹਿੱਤਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

a. ਸਦੱਸ –

i. ਨੂੰ ਕਿਸੇ ਤਰ੍ਹਾਂ ਦੇ ਵਿਰੋਧ ਕੀਤੇ ਗਏ ਮਿਹਨਤਾਨੇ ਜਿਸ ਨੂੰ ਸਦੱਸ ਨੇ ਗਾਹਕ ਨੂੰ ਸਲਾਹ ਦੇਣ ਲਈ ਪ੍ਰਾਪਤ ਕੀਤਾ ਹੈ ਜਾਂ ਪ੍ਰਾਪਤ ਕਰਨ ਦੀ ਉਮੀਦ ਕਰਦਾ ਹੈ, ਸਮੇਤ ਕਿਸੇ ਵੀ ਹਿੱਤ ਸੰਘਰਸ਼ ਨਾਲ ਸਬੰਧਤ ਜਾਣਕਾਰੀ ਗਾਹਕ ਨੂੰ ਪ੍ਰਦਾਨ ਕਰਨੀ ਚਾਹੀਦੀ ਹੈ; ਅਤੇ

ii. ਗਾਹਕ ਦੇ ਹਿੱਤਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਜੇ ਸਦੱਸ ਆਪਣੇ ਖੁਦ ਦੇ ਹਿੱਤਾਂ ਅਤੇ ਗਾਹਕ ਦੇ ਹਿੱਤਾਂ ਦੇ ਵਿੱਚ –

1. ਸੰਘਰਸ਼ ਨੂੰ ਜਾਣਦਾ ਹੈ ਜਾਂ ਉੱਚਿਤ ਢੰਗ ਨਾਲ ਜਾਣਨਾ ਚਾਹੁੰਦਾ ਹੈ, ਜਾਂ
2. ਸਬੰਧਤ ਸਦੱਸ ਦੇ ਹਿੱਤਾਂ ਅਤੇ ਗਾਹਕ ਦੇ ਹਿੱਤਾਂ ਦੇ ਵਿੱਚ ਸੰਘਰਸ਼ ਨੂੰ ਜਾਣਦਾ ਹੈ ਜਾਂ ਉੱਚਿਤ ਢੰਗ ਨਾਲ ਜਾਣਨਾ ਚਾਹੁੰਦਾ ਹੈ, ਅਜਿਹੇ ਮਾਮਲਿਆਂ ਵਿੱਚ ਜਿੱਥੇ ਸਦੱਸ ਇੱਕ ਵਿੱਤੀ ਨੁਮਾਇੰਦਾ ਹੈ।

b. ਬਿੰਦੂ 16a.i. ਵਿੱਚ ਸ਼ਾਮਲ ਜਾਣਕਾਰੀ ਗਾਹਕ ਨੂੰ ਲਿੱਖਤ ਵਿੱਚ ਅਤੇ ਇਸ ਤਰੀਕੇ ਨਾਲ ਦਿੱਤੀ ਜਾਣੀ ਚਾਹੀਦੀ ਹੈ ਜਿਸ ਨੂੰ ਗਾਹਕ ਦੁਆਰਾ ਸਮਝੇ ਜਾਣ ਦੀ ਸੰਭਾਵਨਾ ਹੈ ਅਤੇ ਜਾਣਕਾਰੀ ਪ੍ਰਾਪਤ ਹੋਣ ਦੀ ਲਿੱਖਤ ਰਸੀਦ ਗਾਹਕ ਤੋਂ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ।

c. ਇਸ ਖੰਡ ਵਿੱਚ, "ਵਿਰੋਧ ਕੀਤਾ ਗਿਆ ਮਿਹਨਤਾਨਾ" ਦਾ ਭਾਵ ਹੈ ਕਿ ਸਦੱਸਾਂ ਦੁਆਰਾ ਗਾਹਕਾਂ ਜੋ ਹਲਾਤਾਂ ਦੇ ਤਹਿਤ ਸਦੱਸ ਦੁਆਰਾ ਗਾਹਕ ਨੂੰ ਦਿੱਤੀ ਗਈ ਸਲਾਹ ਦੇ ਪ੍ਰਭਾਵਿਤ ਹੋਣ ਦੀ ਉੱਚਿਤ ਤੌਰ ਤੇ ਉਮੀਦ ਕਰ ਸਕਦੇ ਹਨ, ਤੋਂ ਇਲਾਵਾ ਹੋਰ ਵਿਅਕਤੀਆਂ ਤੋਂ ਵਿਉਤਪੰਨ ਕੋਈ ਵੀ ਫਾਇਦਾ ਭਾਵੇਂ ਮੁਦਰਾ-ਸਬੰਧੀ ਜਾਂ ਗੈਰ-ਮੁਦਰਾ ਸਬੰਧੀ ਹੋਵੇ।

ਸਬੰਧ ਦੀ ਸਮਾਪਤੀ

31. ਸਦੱਸ ਅਤੇ ਗਾਹਕ ਦੇ ਵਿੱਚ ਇਹ ਸਬੰਧ ਸਮਾਪਤ ਹੋ ਜਾਵੇਗਾ; ਜੇ ਸਦੱਸ ਦੇ ਡਿਫਾਲਟ, ਮੌਤ, ਅਸਤੀਫੇ ਜਾਂ ਨਿਕਾਸੀ ਦੇ ਕਾਰਨ ਸਦੱਸਤਾ ਦੀ ਸਮਾਪਤੀ ਸਮੇਤ ਕਿਸੇ ਵੀ ਕਾਰਨ ਕਰਕੇ ਸਦੱਸ ਕਮੋਡਿਟੀ ਬਜ਼ਾਰ ਦਾ ਸਦੱਸ ਨਹੀਂ ਰਹਿੰਦਾ ਹੈ ਜਾਂ ਪ੍ਰਮਾਣ-ਪੱਤਰ ਐਕਸਚੇਂਜ ਦੁਆਰਾ ਰੱਦ ਕਰ ਦਿੱਤਾ ਜਾਂਦਾ ਹੈ।

32. ਸਦੱਸ, ਅਧਿਕਾਰਤ ਵਿਅਕਤੀ ਅਤੇ ਗਾਹਕ ਹੋਰ ਪੱਖਾਂ ਨੂੰ ਘੱਟੋ-ਘੱਟ ਇੱਕ ਮਹੀਨਾ ਪਹਿਲਾਂ ਲਿੱਖਤ ਸੂਚਨਾ ਦੇਣ ਤੋਂ ਬਾਅਦ, ਦੂਜੇ ਪੱਖ ਨੂੰ ਕੋਈ ਕਾਰਨ ਦੱਸੇ ਬਿਨਾਂ ਉਨ੍ਹਾਂ ਦੋਹਾਂ ਦੇ ਵਿੱਚ ਸਬੰਧ ਸਮਾਪਤ ਕਰਨ ਲਈ ਹੱਕਦਾਰ ਹੋਣਗੇ । ਕਿਸੇ ਵੀ ਤਰ੍ਹਾਂ ਦੀ ਸਮਾਪਤੀ ਦੇ ਬਾਵਜੂਦ, ਇਸ ਸਬੰਧ ਦੀ ਸਮਾਪਤੀ ਤੋਂ ਪਹਿਲਾਂ ਕੀਤੇ ਗਏ ਲੈਣ-ਦੇਣਾਂ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੇ ਜਾਂ ਉਨ੍ਹਾਂ ਨਾਲ ਸਬੰਧਤ ਸਾਰੇ ਅਧਿਕਾਰਾਂ, ਦੇਣਦਾਰੀਆਂ ਅਤੇ ਫਰਜ਼ਾ/ਬਾਧਕਾਰੀਆਂ ਦੀ ਪੂਰਤੀ ਕੀਤੀ ਜਾਣੀ ਜਾਰੀ ਰਹੇਗੀ, ਜੋ ਮਾਮਲੇ ਦੇ ਮੁਤਾਬਕ, ਸਬੰਧਤ ਪੱਖਾਂ ਅਤੇ ਉਨ੍ਹਾਂ ਦੇ ਸਬੰਧਤ ਜਾਨਸ਼ੀਨਾਂ, ਵਾਰਸਾਂ, ਪ੍ਰਸ਼ਾਸਕਾਂ, ਕਨੂੰਨੀ ਨੁਮਾਇੰਦਿਆਂ ਜਾਂ ਜਾਨਸ਼ੀਨਾਂ ਤੇ ਲਾਗੂ ਹੋਵੇਗਾ।

33. ਅਧਿਕਾਰਤ ਵਿਅਕਤੀ ਦੀ ਮੌਤ/ਦਿਵਾਲੀਆ ਹੋਣ, ਜਾਂ ਬੋਰਡ ਦੇ ਨਾਲ ਉਸ ਦਾ ਪੰਜੀਕਰਨ ਰੱਦ ਹੋਣ ਜਾਂ/ਕਮੋਡਿਟੀ ਐਕਸਚੇਂਜ ਦੁਆਰਾ ਅਧਿਕਾਰਤ ਵਿਅਕਤੀ ਦੀ ਮਾਨਤਾ ਖੋਹ ਲੈਣ ਅਤੇ/ਜਾਂ ਸਦੱਸ ਦੁਆਰਾ ਅਧਿਕਾਰਤ ਵਿਅਕਤੀ ਦੇ ਨਾਲ ਕਰਾਰ ਦੀ ਸਮਾਪਤੀ ਦੀ ਘਟਨਾ ਵਿੱਚ, ਕਿਸੇ ਵੀ ਕਾਰਨ ਲਈ ਗਾਹਕ ਨੂੰ ਅਜਿਹੀ ਸਮਾਪਤੀ ਦੇ ਬਾਰੇ ਸੂਚਿਤ ਕਰਨਾ ਹੋਵੇਗਾ ਅਤੇ ਗਾਹਕ ਨੂੰ ਸਦੱਸ ਦਾ ਪਰਤੱਖ ਗਾਹਕ ਹੋਣਾ ਚਾਹੀਦਾ ਹੈ ਅਤੇ ਸਦੱਸ, ਅਧਿਕਾਰਤ ਵਿਅਕਤੀ ਅਤੇ ਗਾਹਕ ਨੂੰ ਸ਼ਾਸਿਤ ਕਰਨ ਵਾਲੇ 'ਅਧਿਕਾਰ ਅਤੇ ਫਰਜ਼' ਦਸਤਾਵੇਜ਼(ਜ਼ਾਂ) ਵਿੱਚ ਸਾਰੇ ਪ੍ਰਾਵਧਾਨ ਸਮਾਨ ਤੌਰ ਤੇ ਲਾਗੂ ਹੋਣਗੇ, ਜਦੋਂ ਤਕ ਗਾਹਕ ਇੱਕ ਮਹੀਨੇ ਤੋਂ ਜ਼ਿਆਦਾ ਲਈ ਲਿੱਖਤ ਵਿੱਚ ਇੱਕ ਨੋਟਿਸ ਦੇ ਕੇ ਉਨ੍ਹਾਂ ਦੇ ਸਬੰਧ ਨੂੰ ਸਮਾਪਤ ਕਰਨ ਦੇ ਆਪਣੇ ਇਰਾਦੇ ਬਾਰੇ ਸਦੱਸ ਨੂੰ ਸੂਚਿਤ ਨਹੀਂ ਕਰਦਾ ਹੈ।

ਵਾਧੂ ਅਧਿਕਾਰ ਅਤੇ ਫਰਜ਼

34. ਸਦੱਸ ਅਤੇ ਗਾਹਕ ਸਮੇਂ-ਸਮੇਂ ਤੇ SEBI ਅਤੇ ਉਨ੍ਹਾਂ ਸਬੰਧਤ ਐਕਸਚੇਂਜਾਂ ਦੁਆਰਾ ਜਾਰੀ ਨਿਯਮਾਂ, ਕਾਰੋਬਾਰੀ ਨਿਯਮਾਂ, ਉਪ-ਨਿਯਮਾਂ, ਪਰਿ-ਪੱਤਰਾਂ ਨੋਟਿਸਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਮੁਤਾਬਕ ਆਪਣੇ ਖਾਤਿਆਂ ਦਾ ਮੇਲ ਕਰਨਗੇ ਅਤੇ ਨਿਪਟਾਨ ਕਰਨਗੇ ਜਿੱਥੇ ਟ੍ਰੇਡ ਦੀ ਪਾਲਣਾ ਕੀਤੀ ਗਈ ਹੈ।

35. ਸਦੱਸ ਆਪਣੇ ਗਾਹਕਾਂ ਲਈ ਆਦੇਸ਼ ਸੰਖਿਆ, ਟ੍ਰੇਡ ਸੰਖਿਆ, ਟ੍ਰੇਡ ਸਮਾਂ, ਟ੍ਰੇਡ ਮੁੱਲ, ਟ੍ਰੇਡ ਮਾਤਰਾ, ਡੇਰਿਵੇਟਿਵ ਕਾਂਟ੍ਰੈਕਟ ਦੇ ਵਿਵਰਣ, ਗਾਹਕ ਕੋਡ, ਬ੍ਰੋਕਰੇਜ, ਸਾਰੇ ਲਾਗੂ ਸ਼ੁਲਕ ਆਦਿ ਅਤੇ ਇਸ ਤਰ੍ਹਾਂ ਅਤੇ ਐਕਸਚੇਂਜ ਦੁਆਰਾ ਨਿਰਧਾਰਤ ਅਜਿਹੇ ਸਮੇਂ ਤੇ ਅਤੇ ਉਸ ਵਿੱਚ ਭਰਨ ਲਈ ਜ਼ਰੂਰੀ ਹੋਰ ਸਾਰੇ ਜ਼ਰੂਰੀ ਵਿਵਰਣਾਂ ਦੇ ਨਾਲ ਸਾਰੇ ਲੈਣ-ਦੇਣਾਂ ਦੇ ਰਿਕਾਰਡਾਂ ਸਮੇਤ ਸਮੇਂ-ਸਮੇਂ ਤੇ ਐਕਸਚੇਂਜ ਦੁਆਰਾ ਨਿਰਧਾਰਤ ਅਜਿਹੇ ਫੋਰਮੈਟ ਵਿੱਚ ਪਾਲਣਾ ਕੀਤੇ ਟ੍ਰੇਡਾਂ ਲਈ ਕਾਂਟ੍ਰੈਕਟ ਨੋਟ ਜਾਰੀ ਕਰੇਗਾ । ਸਦੱਸ ਮੁਦਰਾ-ਸਬੰਧੀ ਪ੍ਰਤੀ ਵਿੱਚ ਅਤੇ/ਜਾਂ ਡਿਜਿਟਲ ਹਸਤਾਖਰ ਦਾ ਉਪਯੋਗ ਕਰਕੇ ਇਲੈਕਟ੍ਰੋਨਿਕ ਫੋਰਮੈਟ ਵਿੱਚ ਟ੍ਰੇਡਾਂ ਦੇ ਅਨੁਪਾਲਣ ਤੋਂ 24 ਘੰਟੇ ਦੇ ਅੰਦਰ ਨਿਵੇਸ਼ਕਾਂ ਨੂੰ ਕਾਂਟ੍ਰੈਕਟ ਨੋਟ ਭੇਜੇਗਾ।

36. ਸਦੱਸ ਨੂੰ ਮਾਮਲੇ ਦੇ ਮੁਤਾਬਕ, ਉਸ ਸਬੰਧਤ ਐਕਸਚੇਂਜ ਤੋਂ ਪ੍ਰਾਪਤ ਭੁਗਤਾਨ ਦੀ ਪ੍ਰਾਪਤੀ ਤੋਂ ਇੱਕ ਕੰਮਕਾਜੀ ਦਿਨ ਦੇ ਅੰਦਰ ਗਾਹਕ ਨੂੰ ਫੰਡਾਂ ਜਾਂ ਕਮੋਡਿਟੀਜ਼ ਦੀ ਡਿਲਿਵਰੀ ਲਈ ਭੁਗਤਾਨ ਕਰਨਾ ਹੋਵੇਗਾ ਜਿੱਥੇ ਟ੍ਰੇਡ ਦੀ ਪਾਲਣਾ ਕੀਤੀ ਜਾਂਦੀ ਹੈ ਜਦੋਂ ਤਕ ਕਿ ਜਾਂ ਤੇ ਗਾਹਕ ਦੁਆਰਾ ਨਿਰਦਿਸ਼ਟ ਨਾ ਕੀਤਾ ਗਿਆ ਹੋਵੇ ਅਤੇ ਉਸ ਐਕਸਚੇਂਜ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਨਾ ਹੋਵੇ।

37. ਸਦੱਸ ਸਮੇਂ-ਸਮੇਂ ਤੇ ਉਸ ਐਕਸਚੇਂਜ ਦੁਆਰਾ ਨਿਰਧਾਰਤ ਸਮੇਂ ਦੇ ਅੰਦਰ ਅਜਿਹੀ ਅਵਧੀ ਅਤੇ ਫੋਰਮੈਟ ਵਿੱਚ ਆਪਣੇ ਗਾਹਕਾਂ ਵਿੱਚੋਂ ਹਰੇਕ ਦੇ ਸਬੰਧ ਵਿੱਚ ਫੰਡਾਂ ਅਤੇ ਕਮੋਡਿਟੀਜ਼ ਦੋਹਾਂ ਲਈ 'ਖਾਤਾ ਵਿਵਰਣ' ਭੇਜੇਗਾ ਜਿੱਥੇ ਟ੍ਰੇਡ ਦੀ ਪਾਲਣਾ ਕੀਤੀ ਜਾਂਦੀ ਹੈ । ਵਿਵਰਣ ਗਾਹਕ ਵਿਵਰਣ ਵਿੱਚ, ਤਤਕਾਲ ਗਲਤੀਆਂ, ਜੇ ਕੋਈ ਹਨ, ਦੀ ਸੂਚਨਾ ਦੇਵੇਗਾ ਪਰ ਇਹ ਸੂਚਨਾ ਸਦੱਸ ਨੂੰ ਪ੍ਰਾਪਤੀ ਦੇ 30 ਕਲੰਡਰ ਦਿਨਾਂ ਦੇ ਅੰਦਰ ਦਿੱਤੀ ਜਾਵੇਗੀ । ਸਾਰੇ ਗਾਹਕਾਂ ਨੂੰ ਭੌਤਕ ਤੌਰ ਤੇ ਖਾਤਿਆਂ ਦਾ ਇੱਕ ਵਿਸਤ੍ਰਿਤ ਵਿਵਰਣ ਹਰੇਕ ਮਹੀਨੇ ਜ਼ਰੂਰ ਭੇਜਿਆ ਜਾਵੇਗਾ। ਉਸ ਦੀ ਪ੍ਰਾਪਤੀ ਦਾ ਪ੍ਰਮਾਣ ਸਦੱਸ ਦੁਆਰਾ ਸੁਰੱਖਿਅਤ ਰੱਖਿਆ ਜਾਵੇਗਾ।

38. ਸਦੱਸ ਗਾਹਕਾਂ ਲਈ ਰੋਜ਼ਾਨਾ ਅਧਾਰ ਤੇ ਮਾਰਜਨ ਵਿਵਰਣ ਭੇਜੇਗਾ । ਮਾਰਜਨ ਵਿਵਰਣ ਵਿੱਚ ਨਕਦੀ, ਨਿਸ਼ਚਤ ਜਮਾਂ ਰਸੀਦ , ਬੈਂਕ ਗਰੰਟੀ, ਗੋਦਾਮ ਰਸੀਦਾਂ, ਸਿਕਿਓਰਿਟੀਜ਼ ਆਦਿ ਦੇ ਸਬੰਧ ਵਿੱਚ ਬ੍ਰੇਕ-ਅਪ ਦੇ ਨਾਲ ਕੋਲੇਟਰਲ ਜਮਾਂ, ਵਰਤੇ ਕੋਲੇਟਰਲ ਅਤੇ ਕੋਲੇਟਰਲ ਸਥਿਤੀ (ਗਾਹਕ ਤੋਂ ਪ੍ਰਾਪਤ ਬੈਲੇਂਸ/ਬਕਾਇਆ) ਦਾ ਵਿਵਰਣ ਸ਼ਾਮਲ ਹੋਣਾ ਚਾਹੀਦਾ ਹੈ।

39. ਗਾਹਕ ਇਹ ਯਕੀਨੀ ਬਣਾਵੇਗਾ ਕਿ ਉਸ ਦੇ ਕੋਲ ਸਦੱਸ ਦੇ ਨਾਲ ਸਬੰਧ ਵਿੱਚ ਦਾਖਲ ਕਰਨ ਲਈ ਲੋੜੀਂਦੀ ਕਨੂੰਨੀ ਸਮਰੱਥਾ ਹੈ ਅਤੇ ਉਹ ਅਜਿਹਾ ਕਰਨ ਲਈ ਅਧਿਕਾਰਤ ਹੈ, ਅਤੇ ਉਹ ਇਸ ਦੇ ਅਧੀਨ ਆਪਣੇ ਫਰਜ਼ਾਂ ਅਤੇ ਕਾਰਜਾਂ ਦਾ ਪ੍ਰਦਰਸ਼ਨ ਕਰਨ ਵਿੱਚ ਸਮਰੱਥ ਹੈ। ਸਾਰੇ ਲੈਣ-ਦੇਣਾਂ ਦੇ ਅਨੁਪਾਲਣ ਨੂੰ ਯਕੀਨੀ ਬਣਾਉਣ ਲਈ ਕੀਤੇ ਜਾਣ ਵਾਲੇ ਸਾਰੇ ਜ਼ਰੂਰੀ ਕਾਰਜ ਜਿਨ੍ਹਾਂ ਵਿੱਚ ਗਾਹਕ ਦਾਖਲ ਹੋ ਸਕਦੇ ਹਨ, ਇਸ ਤਰ੍ਹਾਂ ਦੇ ਲੈਣ-ਦੇਣ ਵਿੱਚ ਦਾਖਲ ਹੋਣ ਤੋਂ ਪਹਿਲਾਂ ਗਾਹਕ ਦੁਆਰਾ ਪੂਰੇ ਕੀਤੇ ਜਾਣਗੇ।

40. ਉਸ ਸਥਿਤੀ ਵਿੱਚ, ਜਿੱਥੇ ਇੱਕ ਸਦੱਸ ਆਪਣੀ ਸਦੱਸਤਾ ਤਿਆਗ ਦਿੰਦਾ/ਦਿੰਦੀ ਹੈ, ਸਦੱਸ ਨਿਵੇਸ਼ਕਾਂ ਦੇ ਦਾਅਵਿਆਂ ਜੇ ਕੋਈ ਹਨ, ਨੂੰ ਸੱਦਾ ਦੇਣ ਵਾਲਾ ਸਮਾਜਕ ਨੋਟਿਸ ਦਿੰਦਾ ਹੈ । ਐਕਸਚੇਂਜ ਦੇ ਟ੍ਰੇਡਿੰਗ ਸਿਸਟਮ ਤੇ ਸੰਚਾਲਿਤ ਦਾਅਵੇ ਦੀ ਸਥਿਤੀ ਵਿੱਚ, ਯਕੀਨੀ ਬਣਾਓ ਕਿ ਗਾਹਕ ਨਿਰਧਾਰਤ ਅਵਧੀ ਦੇ ਅੰਦਰ ਅਤੇ ਸਹਾਇਕ ਦਸਤਾਵੇਜ਼ਾਂ ਦੇ ਨਾਲ ਐਕਸਚੇਂਜ ਵਿੱਚ ਦਾਅਵਾ ਦਰਜ ਕਰਦਾ ਹੈ।

41. A. ਅਨੁਚਿਤ ਚਲਣ ਤੋਂ ਸੁਰੱਖਿਆ ਜਿਸ ਵਿੱਚ ਧੋਖਾ-ਚਲਣ ਅਤੇ ਦੁਰਬਚਨ ਚਰਣ ਸ਼ਾਮਲ ਹਨ

a. ਵਿੱਤੀ ਉਤਪਾਦਾਂ ਜਾਂ ਵਿੱਤੀ ਸੇਵਾਵਾਂ ਦੇ ਸਬੰਧ ਵਿੱਚ ਅਨੁਚਿਤ ਚਲਣ ਵਰਜਿਤ ਹੈ।

b. "ਅਨੁਚਿਤ ਚਲਣ" ਦਾ ਭਾਵ ਹੈ ਕਿ ਸਦੱਸ ਜਾਂ ਇਸ ਦੇ ਵਿੱਤੀ ਨੁਮਾਇੰਦੇ ਦੁਆਰਾ ਕੋਈ ਕੰਮ ਜਾਂ ਚੂਕ ਜੋ ਗੁੰਝਲਦਾਰ ਲੈਣ-ਦੇਣ ਸਬੰਧੀ ਫੈਸਲਾ ਲੈਣ ਲਈ ਗਾਹਕ ਦੀ ਸਮਰੱਥਾ ਨੂੰ ਕਾਫੀ ਹਾਨੀ ਪਹੁੰਚਾਉਂਦੀ ਹੈ, ਜਾਂ ਜਿਸ ਨਾਲ ਕਾਫੀ ਹਾਨੀ ਹੋਣ ਦੀ ਸੰਭਾਵਨਾ ਹੈ ਅਤੇ ਇਸ ਵਿੱਚ ਸ਼ਾਮਲ ਹਨ –

   i. ਬਿੰਦੂ 41.B ਦੇ ਤਹਿਤ ਧੋਖਾ ਚਲਣ

   ii. ਬਿੰਦੂ 41.C ਦੇ ਤਹਿਤ ਦੁਰਬਚਨ ਚਲਣ

iii. ਅਜਿਹਾ ਹੀ ਹੋਰ ਚਲਣ ਵਾਂਗ ਨਿਰਦਿਸ਼ਟ ਕੀਤਾ ਜਾਵੇ।

41. B.

a. ਨਿਰਧਾਰਤ ਕਾਰਕ ਦੇ ਸਬੰਧ ਵਿੱਚ ਸਦੱਸ ਜਾਂ ਇਸ ਦੇ ਵਿੱਤੀ ਨੁਮਾਇੰਦੇ ਦਾ ਚਲਣ ਧੋਖਾ ਹੁੰਦਾ ਹੈ ਜੇ ਇਸ ਦੇ ਕਾਰਨ ਗਾਹਕ ਦੇ ਲੈਣ-ਦੇਣ ਸਬੰਧੀ ਫੈਸਲੇ ਜਿਸ ਨੂੰ ਗਾਹਕ ਹੋਰ ਹਲਾਤਾਂ ਵਿੱਚ ਨਹੀਂ ਲਵੇਗਾ, ਲੈਣ ਦੀ ਸੰਭਾਵਨਾ ਹੈ, ਅਤੇ ਚਲਣ ਵਿੱਚ ਸ਼ਾਮਲ ਹੈ –

i. ਗਾਹਕ ਨੂੰ ਗਲਤ ਜਾਣਕਾਰੀ ਦੇਣਾ ਜਾਂ ਅਜਿਹੀ ਜਾਣਕਾਰੀ ਦੇਣਾ ਜਿਸ ਦੇ ਸੱਚ ਹੋਣ ਤੇ ਸਦੱਸ ਜਾਂ ਵਿੱਤੀ ਨੁਮਾਇੰਦੇ ਨੂੰ ਵਿਸ਼ਵਾਸ ਨਹੀਂ ਹੈ; ਜਾਂ

ii. ਗਾਹਕ ਨੂੰ ਧੋਖੇਬਾਜ਼ੀ ਦੇ ਤਰੀਕੇ ਨਾਲ ਸਟੀਕ ਜਾਣਕਾਰੀ ਪ੍ਰਦਾਨ ਕਰਨਾ।

b. ਇਹ ਨਿਰਧਾਰਤ ਕਰਨ ਵਿੱਚ ਕਿ ਚਲਣ ਬਿੰਦੂ 41.B.a ਦੇ ਤਹਿਤ ਧੋਖਾ ਹੈ ਜਾਂ ਨਹੀਂ, ਹੇਠਾਂ ਦਿੱਤੇ ਕਾਰਕ "ਨਿਰਧਾਰਕ ਕਾਰਕ" ਸਮਝੇ ਜਾਣੇ ਚਾਹੀਦੇ ਹਨ –

i. ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦੇ ਲੱਛਣਾਂ, ਗਾਹਕ ਲਈ ਇਸ ਦੇ ਫਾਇਦੇ ਅਤੇ ਜੋਖਮ ਸਮੇਤ ਇਨ੍ਹਾਂ ਦੀਆਂ ਮੁੱਖ ਖਾਸੀਅਤਾਂ;

ii. ਕਿਸੇ ਖਾਸ ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਲਈ ਗਾਹਕ ਦੀ ਲੋੜ ਜਾਂ ਗਾਹਕ ਲਈ ਇਸ ਦੀ ਉੱਚਿਤਤਾ;

iii. ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਲਈ ਭੁਗਤਾਨ ਕੀਤੇ ਜਾਣ ਵਾਲੇ ਪ੍ਰਤੀਫਲ ਜਾਂ ਤਰੀਕਾ ਜਿਸ ਨਾਲ ਪ੍ਰਤੀਫਲ ਦੀ ਗਿਣਤੀ ਕੀਤੀ ਜਾਂਦੀ ਹੈ;

iv. ਵਿੱਤੀ ਕਰਾਰ ਦੀ ਕਿਸੇ ਵੀ ਸ਼ਰਤ ਦੀ ਮੌਜੂਦਗੀ, ਬਾਇਕਾਟ ਜਾਂ ਪ੍ਰਭਾਵ; ਜੋ ਉਸ ਵਿੱਤੀ ਕਰਾਰ ਦੇ ਹਵਾਲੇ ਵਿੱਚ ਭੌਤਕ ਸ਼ਰਤ ਹੈ;

v. ਸਦੱਸ ਦੀ ਪਛਾਣ, ਨਿਯਾਮਕ ਸਥਿਤੀ ਅਤੇ ਸਬੰਧ ਸਮੇਤ ਇਸ ਦਾ ਸੁਭਾਅ, ਗੁਣ ਅਤੇ ਅਧਿਕਾਰ; ਅਤੇ

vi. ਕਿਸੇ ਵੀ ਕਨੂੰਨ ਜਾਂ ਨਿਯਾਮਕ ਦੇ ਤਹਿਤ ਗਾਹਕ ਦੇ ਅਧਿਕਾਰ।

41. C.

a. ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਦੇ ਸਬੰਧ ਵਿੱਚ ਸਦੱਸ ਜਾਂ ਇਸ ਦੇ ਵਿੱਤੀ ਨੁਮਾਇੰਦੇ ਦਾ ਚਲਣ ਅਪਮਾਨਜਨਕ ਹੁੰਦਾ ਹੈ ਜੇ ਇਸ ਵਿੱਚ –

i. ਦਬਾਵ ਜਾਂ ਅਨੁਚਿਤ ਪ੍ਰਭਾਵ ਦਾ ਉਪਯੋਗ ਸ਼ਾਮਲ ਹੈ; ਅਤੇ

ii. ਇਸ ਦੇ ਕਾਰਨ ਗਾਹਕ ਲੈਣ-ਦੇਣ ਸਬੰਧੀ ਫੈਸਲਾ ਜਿਸ ਨੂੰ ਗਾਹਕ ਹੋਰ ਹਲਾਤਾਂ ਵਿੱਚ ਨਹੀਂ ਲਵੇਗਾ, ਲੈਂਦਾ ਹੈ ਜਾਂ ਲੈਣ ਦੀ ਸੰਭਾਵਨਾ ਹੈ।

b. ਇਹ ਨਿਰਧਾਰਤ ਕਰਨ ਵਿੱਚ ਕਿ ਚਲਣ ਦਬਾਵ ਜਾਂ ਅਨੁਚਿਤ ਪ੍ਰਭਾਵ ਦਾ ਉਪਯੋਗ ਕਰਦਾ ਹੈ ਜਾਂ ਨਹੀਂ, ਹੇਠਾਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ –

i. ਚਲਣ ਦਾ ਸਮਾਂ, ਸਥਿਤੀ, ਪ੍ਰਕਿਰਤੀ ਜਾਂ ਦ੍ਰਿੜਤਾ;

ii. ਧਮਕੀ ਭਰੀ ਜਾਂ ਅਪਮਾਨਜਨਕ ਭਾਸ਼ਾ ਜਾਂ ਵਿਹਾਰ ਦਾ ਉਪਯੋਗ;

iii. ਵਿੱਤੀ ਉਤਪਾਦ ਜਾਂ ਵਿੱਤੀ ਸੇਵਾ ਨਾਲ ਸਬੰਧਤ ਗਾਹਕ ਦੇ ਫੈਸਲੇ ਨੂੰ ਪ੍ਰਭਾਵਿਤ ਕਰਨ ਲਈ ਗਾਹਕ ਦੇ ਕਿਸੇ ਖਾਸ ਕਸ਼ਟ ਜਾਂ ਹਲਾਤ ਦਾ ਸ਼ੋਸ਼ਣ ਜਿਸ ਨਾਲ ਸਦੱਸ ਜਾਣੂ ਹੈ;

iv. ਸਦੱਸ ਦੁਆਰਾ ਲਗਾਏ ਗਏ ਗੈਰ-ਕਰਾਰ ਸਬੰਧੀ ਰੋਕ ਜਿੱਥੇ ਗਾਹਕ ਵਿੱਤੀ ਕਰਾਰ ਦੇ ਤਹਿਤ ਅਧਿਕਾਰਾਂ ਦਾ ਉਪਯੋਗ ਕਰਨਾ ਚਾਹੁੰਦਾ ਹੈ, ਜਿਸ ਵਿੱਚ ਸ਼ਾਮਲ ਹੈ –

v. ਵਿੱਤੀ ਕਰਾਰ ਸਮਾਪਤ ਕਰਨ ਦਾ ਅਧਿਕਾਰ;

vi. ਕਿਸੇ ਹੋਰ ਵਿੱਤੀ ਉਤਪਾਦ ਜਾਂ ਹੋਰ ਸਦੱਸ ਦੀ ਅਦਲਾ-ਬਦਲੀ ਦਾ ਅਧਿਕਾਰ ਅਤੇ

vii. ਹਲਾਤ ਜਿਨ੍ਹਾਂ ਤੋਂ ਖਤਰਾ ਹੈ, ਦੇ ਅਧਾਰ ਤੇ ਕੋਈ ਕਾਰਵਾਈ ਕਰਨ ਦਾ ਖਤਰਾ।

ਇਲੈਕਟ੍ਰੋਨਿਕ ਕਾਂਟ੍ਰੈਕਟ ਨੋਟ (ECN)

42. ਜੇ ਗਾਹਕ ਇਲੈਕਟ੍ਰੋਨਿਕ ਫੋਰਮੈਟ ਵਿੱਚ ਕਾਂਟ੍ਰੈਕਟ ਨੋਟ ਪ੍ਰਾਪਤ ਕਰਨ ਦੀ ਚੋਣ ਕਰਦਾ ਹੈ ਤਾਂ ਉਸ ਨੂੰ ਸਦੱਸ ਨੂੰ ਇੱਕ ਉੱਚਿਤ ਈ-ਮੇਲ ਆਈਡੀ (ਗਾਹਕ ਦੁਆਰਾ ਬਣਾਈ ਗਈ) ਉਪਲਬਧ ਕਰਾਉਣੀ ਹੋਵੇਗੀ (ਕਿਰਪਾ ਕਰਕੇ ਅਨੁਲੱਗ 3 ਦਾ ਵਾਧਾ A ਦੇਖੋ)। ਸਦੱਸ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਇਸ ਸਬੰਧ ਵਿੱਚ ਸਮੇਂ-ਸਮੇਂ ਤੇ ਜਾਰੀ ਸਮੁੱਚੇ ਨਿਯਮਾਂ/ਕਾਰੋਬਾਰੀ ਨਿਯਮਾਂ/ ਉਪ-ਨਿਯਮਾਂ/ਪਰਿ-ਪੱਤਰਾਂ ਦਾ ਅਨੁਪਾਲਣ ਕੀਤਾ ਜਾਵੇ । ਗਾਹਕ ਨੂੰ ਈ-ਮੇਲ ਆਈਡੀ ਵਿੱਚ ਕਿਸੇ ਵੀ ਤਬਦੀਲੀ ਨਾਲ ਇੱਕ ਭੌਤਕ ਪੱਤਰ ਦੇ ਜ਼ਰੀਏ ਸਦੱਸ ਨੂੰ ਸੂਚਿਤ ਕਰਨਾ ਹੋਵੇਗਾ । ਜੇ ਗਾਹਕ ਨੇ ਇੰਟਰਨੈਟ ਟ੍ਰੇਡਿੰਗ ਦੀ ਚੋਣ ਕੀਤੀ ਹੈ ਤਾਂ ਈ-ਮੇਲ ਆਈਡੀ ਦੀ ਤਬਦੀਲੀ ਲਈ ਬੇਨਤੀ ਗਾਹਕ ਖਾਸ ਉਪਯੋਗਕਰਤਾ ਆਈਡੀ ਅਤੇ ਪਾਸਵਰਡ ਦੇ ਤਰੀਕੇ ਨਾਲ ਸੁਰੱਖਿਅਤ ਪਹੁੰਚ ਦੇ ਜ਼ਰੀਏ ਕੀਤੀ ਜਾ ਸਕਦੀ ਹੈ।

43. ਸਦੱਸ ਇਹ ਯਕੀਨੀ ਬਣਾਵੇਗਾ ਕਿ ਈ-ਮੇਲ ਦੇ ਜ਼ਰੀਏ ਭੇਜੇ ਜਾਣ ਵਾਲੇ ਸਾਰੇ ECN ਡਿਜਿਟਲ ਰੂਪ ਵਿੱਚ ਹਸਤਾਖਰ ਕੀਤੇ, ਐਂਕ੍ਰਿਪਟਿਡ, ਛੇੜਛਾੜ ਕੀਤੇ ਜਾਣ ਤੋਂ ਅਸਮਰੱਥ ਅਤੇ IT ਅਧਿਨਿਯਮ, 2000 ਦੇ ਪ੍ਰਾਵਧਾਨਾਂ ਦੇ ਅਨੁਪਾਲਣ ਵਿੱਚ ਹੋਣਗੇ । ਜੇ ECN ਨੂੰ ਇੱਕ ਅਨੁਲੱਗ ਦੇ ਰੂਪ ਵਿੱਚ ਈ-ਮੇਲ ਦੇ ਜ਼ਰੀਏ ਭੇਜਿਆ ਜਾਂਦਾ ਹੈ ਤਾਂ ਨੱਥੀ ਫਾਇਲ ਵੀ ਡਿਜਿਟਲ ਹਸਤਾਖਰ ਦੇ ਨਾਲ ਐਂਕ੍ਰਿਪਟਿਡ ਅਤੇ ਛੇੜਛਾੜ ਕੀਤੇ ਜਾਣ ਤੋਂ ਅਸਮਰੱਥ ਰੂਪ ਵਿੱਚ ਸੁਰੱਖਿਅਤ ਕੀਤੀ ਜਾਵੇਗੀ।

44. ਗਾਹਕ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਸਦੱਸ ਦੁਆਰਾ ਬਾਉਂਸ ਮੇਲ ਸੂਚਨਾ ਪ੍ਰਾਪਤ ਨਾ ਹੋਣ ਤੇ ਗਾਹਕ ਦੀ ਈ-ਮੇਲ ਆਈਡੀ ਤੇ ਕਾਂਟ੍ਰੈਕਟ ਨੋਟ ਦੀ ਸਪੁਰਦਗੀ ਯਕੀਨੀ ਹੋਵੇਗੀ।

45. ਸਦੱਸ IT ਅਧਿਨਿਯਮ, 2000 ਦੇ ਪ੍ਰਾਵਧਾਨਾਂ ਦੇ ਅਨੁਪਾਲਣ ਵਿੱਚ ਅਤੇ ਸਮੇਂ-ਸਮੇਂ ਤੇ SEBI/ਕਮੋਡਿਟੀ ਐਕਸਚੇਂਜਾਂ ਦੁਆਰਾ ਨਿਰਧਾਰਤ ਮੌਜੂਦਾ ਨਿਯਮਾਂ/ਨਿਯਾਮਕਾਂ/ਪਰਿਪੱਤਰਾਂ/ਦਿਸ਼ਾ-ਨਿਰਦੇਸ਼ਾਂ ਦੇ ਮੁਤਾਬਕ ਐਕਸਚੇਂਜ ਦੁਆਰਾ ਨਿਰਧਾਰਤ ਤਰੀਕੇ ਨਾਲ ਸੋਫਟ ਅਤੇ ਟੈਂਪਰ ਕੀਤੇ ਜਾਣ ਤੋਂ ਅਸਮਰੱਥ ਫੋਰਮੈਟ ਵਿੱਚ ECN ਅਤੇ ਈ-ਮੇਲ ਦੀ ਰਸੀਦ ਆਪਣੇ ਕੋਲ ਰੱਖੇਗਾ। ਸਪੁਰਦਗੀ ਦਾ ਪ੍ਰਮਾਣ ਭਾਵ ਕਾਂਟ੍ਰੈਕਟ ਨੋਟ ਭੇਜਣ ਦੇ ਸਮੇਂ ਸਿਸਟਮ ਦੁਆਰਾ ਜਨਰੇਟਿਡ ਲਾਗ ਰਿਪੋਰਟ, SEBI/ਕਮੋਡਿਟੀ ਐਕਸਚੇਂਜਾਂ ਦੇ ਮੌਜੂਦਾ ਨਿਯਾਮਕਾਂ ਦੇ ਤਹਿਤ ਨਿਰਦਿਸ਼ਟ ਅਵਧੀ ਲਈ ਸਦੱਸ ਦੁਆਰਾ ਰੱਖੀ ਜਾਵੇਗੀ। ਲਾਗ ਰਿਪੋਰਟ ਉਨ੍ਹਾਂ ਕਾਂਟ੍ਰੈਕਟ ਨੋਟਸ ਦੇ ਵਿਵਰਣ ਪ੍ਰਦਾਨ ਕਰੇਗੀ ਜੋ ਗਾਹਕ ਨੂੰ ਪ੍ਰਾਪਤ ਨਹੀਂ ਹੋਏ ਹਨ/ਈ-ਮੇਲ ਅਸਵੀਕ੍ਰਿਤ ਹੋਈ ਹੈ ਜਾਂ ਵਾਪਸ ਆ ਗਈ ਹੈ । ਸਦੱਸ ਹਰ ਵਾਰੀ SEBI/ਕਮੋਡਿਟੀ ਐਕਸਚੇਂਜਾਂ ਦੁਆਰਾ ਜਾਰੀ ਨਿਯਮਾਂ/ਪਰਿਪੱਤਰਾਂ/ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਨਿਰਧਾਰਤ ਸਮੇਂ-ਅਵਧੀ ਦੇ ਅੰਦਰ ਉਸ ਦੁਆਰਾ ਬਾਉਂਸ ਹੋਣ ਵਾਲੀਆਂ ਈ-ਮੇਲਾਂ ਦੀ ਸੂਚਨਾ ਦੀ ਪ੍ਰਾਪਤੀ ਨੂੰ ਯਕੀਨੀ ਬਣਾਉਣ ਲਈ ਸਾਰੇ ਸੰਭਵ ਕਦਮ ਪੁੱਟੇਗਾ।

46. ਸਦੱਸ ਅਜਿਹੇ ਗਾਹਕਾਂ ਲਈ ਭੌਤਕ ਤਰੀਕੇ ਨਾਲ ਕਾਂਟ੍ਰੈਕਟ ਨੋਟ ਭੇਜਣਾ ਜਾਰੀ ਰੱਖੇਗਾ ਜਿਨ੍ਹਾਂ ਨੇ ਇਲੈਕਟ੍ਰੋਨਿਕ ਫੋਰਮੈਟ ਵਿੱਚ ਕਾਂਟ੍ਰੈਕਟ ਨੋਟ ਪ੍ਰਾਪਤ ਕਰਨਾ ਨਹੀਂ ਚੁਣਿਆ ਹੈ। ਜਿੱਥੇ ECN ਗਾਹਕ ਤਕ ਨਹੀਂ ਪਹੁੰਚਦਾ ਹੈ ਜਾਂ ਗਾਹਕ ਦੀ ਈ-ਮੇਲ ਆਈਡੀ ਤੋਂ (ਈ-ਮੇਲ ਬਾਉਂਸ) ਅਸਵੀਕ੍ਰਿਤ ਹੋ ਜਾਂਦਾ ਹੈ ਉੱਥੇ ਸਦੱਸ SEBI/ਕਮੋਡਿਟੀ ਐਕਸਚੇਂਜਾਂ ਦੇ ਮੌਜੂਦਾ ਨਿਯਾਮਕਾਂ/ਨਿਯਮਾਂ, ਉਪ-ਨਿਯਮਾਂ, ਕਾਰੋਬਾਰੀ ਨਿਯਮਾਂ ਅਤੇ ਪਰਿਪੱਤਰਾਂ ਦੇ ਤਹਿਤ ਨਿਰਧਾਰਤ ਸਮੇਂ ਦੇ ਅੰਦਰ ਗਾਹਕ ਨੂੰ ਇੱਕ ਭੌਤਕ ਨੋਟ ਭੇਜੇਗਾ ਅਤੇ ਇਸ ਤਰ੍ਹਾਂ ਦੇ ਭੌਤਕ ਕਾਂਟ੍ਰੈਕਟ ਨੋਟਸ ਦੀ ਭਿਜਵਾਈ ਅਤੇ ਸਪੁਰਦਗੀ ਦਾ ਪ੍ਰਮਾਣ ਬਣਾਏ ਰੱਖੇਗਾ।

47. ਗਾਹਕ ਨੂੰ ECN ਦੇ ਈ-ਮੇਲ ਸੰਚਾਰ ਤੋਂ ਇਲਾਵਾ, ਸਦੱਸ ਸੁਰੱਖਿਅਤ ਤਰੀਕੇ ਨਾਲ ਆਪਣੀ ਨਿਰਦਿਸ਼ਟ ਵੈੱਬਸਾਇਟ ਤੇ, ਜੇ ਕੋਈ ਹੈ, ਸਮਾਨ ਸਮੇਂ ਵਿੱਚ ECN ਪ੍ਰਕਾਸ਼ਿਤ ਕਰੇਗਾ ਅਤੇ ਗਾਹਕਾਂ ਨੂੰ ਉਸ ਤੇ ਉੱਚਿਤ ਪਹੁੰਚ ਲਈ ਸਮਰੱਥ ਕਰੇਗਾ ਅਤੇ ਇਸ ਉਦੇਸ਼ ਲਈ ਉਹ ਗਾਹਕ ਨੂੰ ਕਰਾਰ ਨੋਟ ਨੂੰ ਇਲੈਕਟ੍ਰੋਨਿਕ ਰੂਪ ਵਿੱਚ ਸੇਵ ਕਰਨ ਅਤੇ/ਜਾਂ ਪ੍ਰਿੰਟ ਆਉਟ ਲੈਣ ਦੇ ਵਿਕਲਪ ਦੇ ਨਾਲ ਇੱਕ ਅਨੂਠੇ ਉਪਯੋਗਕਰਤਾ ਨਾਂ ਅਤੇ ਪਾਸਵਰਡ ਉਪਲਬਧ ਕਰਾਵੇਗਾ।

48. ਗਾਹਕ ਜੋ ਕਰਾਰ ਨੋਟ ਇਲੈਕਟ੍ਰੋਨਿਕ ਰੂਪ ਵਿੱਚ ਸਵੀਕਾਰ ਕਰਨ ਦਾ ਫੈਸਲਾ ਕਰਦਾ ਹੈ ਉਸ ਤੋਂ ਇਲੈਕਟ੍ਰੋਨਿਕ ਕਾਂਟ੍ਰੈਕਟ ਨੋਟ (ECN) ਘੋਸ਼ਣਾ ਪੱਤਰ ਪ੍ਰਾਪਤ ਕਰਨਾ। ਇਹ ਘੋਸ਼ਣਾ ਉਦੋਂ ਤਕ ਵਾਜਬ ਰਹੇਗੀ ਜਦੋਂ ਤਕ ਇਹ ਗਾਹਕ ਦੁਆਰਾ ਰੱਦ ਨਹੀਂ ਕਰ ਦਿੱਤੀ ਜਾਂਦੀ ਹੈ।

ਕਨੂੰਨ ਅਤੇ ਨਿਆਂ ਖੇਤਰ

49. ਇਸ ਦਸਤਾਵੇਜ਼ ਵਿੱਚ ਵਰਣਤ ਖਾਸ ਅਧਿਕਾਰਾਂ ਤੋਂ ਇਲਾਵਾ, ਸਦੱਸ, ਅਧਿਕਾਰਤ ਵਿਅਕਤੀ ਅਤੇ ਗਾਹਕ ਕਿਸੇ ਵੀ ਹੋਰ ਅਧਿਕਾਰ ਦਾ ਉਪਯੋਗ ਕਰਨ ਲਈ ਹੱਕਦਾਰ ਹੋਣਗੇ ਜੋ ਸਦੱਸ ਜਾਂ ਗਾਹਕ ਨੂੰ ਉਨ੍ਹਾਂ ਐਕਸਚੇਂਜ ਦੇ ਨਿਯਮਾਂ, ਉਪ-ਨਿਯਮਾਂ ਅਤੇ ਕਾਰੋਬਾਰੀ ਨਿਯਮਾਂ ਜਿਸ ਵਿੱਚ ਗਾਹਕ ਟ੍ਰੇਡ ਕਰਨ ਲਈ ਚੋਣ ਕਰਦਾ ਹੈ, ਅਤੇ SEBI ਦੇ ਨਿਯਮਾਂ ਦੇ ਅਧੀਨ ਜਾਰੀ ਕੀਤੇ ਗਏ ਪਰਿਪੱਤਰਾਂ/ਨੋਟਿਸਾਂ ਦੇ ਤਹਿਤ ਦਿੱਤਾ ਗਿਆ ਹੋ ਸਕਦਾ ਹੈ।

50. ਇਸ ਦਸਤਾਵੇਜ਼ ਦੇ ਪ੍ਰਾਵਧਾਨ ਹਮੇਸ਼ਾ ਸਰਕਾਰੀ ਸੂਚਨਾਵਾਂ, SEBI ਦੁਆਰਾ ਜਾਰੀ ਕੋਈ ਵੀ ਨਿਯਮਾਂ, ਦਿਸ਼ਾ-ਨਿਰਦੇਸ਼ਾਂ ਅਤੇ ਪਰਿਪੱਤਰ/ਨੋਟਿਸਾਂ, ਅਤੇ ਉਨ੍ਹਾਂ ਸਬੰਧਤ ਕਮੋਡਿਟੀ ਐਕਸਚੇਂਜਾਂ ਦੇ ਪਰਿਪੱਤਰਾਂ, ਨਿਯਮਾਂ, ਕਾਰੋਬਾਰੀ ਨਿਯਮਾਂ ਅਤੇ ਉਪ-ਨਿਯਮਾਂ ਦੇ ਅਧੀਨ ਹੋਣਗੇ ਜਿੱਥੇ ਟ੍ਰੇਡ ਦੀ ਪਾਲਣਾ ਕੀਤੀ ਜਾਂਦੀ ਹੈ, ਅਤੇ ਜੋ ਸਮੇਂ-ਸਮੇਂ ਤੇ ਪ੍ਰਭਾਵੀ ਹੋ ਸਕਦੇ ਹਨ।

51. ਸਦੱਸ ਅਤੇ ਗਾਹਕ, ਵਿਚੋਲੀਆ ਅਤੇ ਸਮਝੌਤਾ ਅਧਿਨਿਯਮ, 1996 ਦੇ ਤਹਿਤ ਵਿਚੋਲੀਆ(ਆਂ) ਦੁਆਰਾ ਪਾਰਿਤ ਕੋਈ ਵੀ ਹੋਰ ਫੈਸਲਿਆਂ ਦੀ ਪਾਲਣਾ ਕਰਨ ਲਈ ਬਾਧ ਹੋਣਗੇ। ਹਾਲਾਂਕਿ ਜੇ ਪਾਰਟੀ ਵਿਚੋਲੀਆ ਤੋਂ ਸੰਤੁਸ਼ਟ ਨਹੀਂ ਹੈ ਤਾਂ ਅਪੀਲ ਦਾ ਪ੍ਰਾਵਧਾਨ ਵੀ ਹੈ।

52. ਸ਼ਬਦ ਅਤੇ ਭਾਵ/ਅਰਥ ਜਿਨ੍ਹਾਂ ਦਾ ਇਸ ਦਸਤਾਵੇਜ਼ ਵਿੱਚ ਉਪਯੋਗ ਕੀਤਾ ਗਿਆ ਹੈ ਪਰ ਇੱਥੇ ਪਰਿਭਾਸ਼ਿਤ ਨਹੀਂ ਹੈ, ਜਦੋਂ ਤਕ ਹਵਾਲੇ ਦੇ ਹੋਰ ਹਲਾਤਾਂ ਵਿੱਚ ਉਮੀਦੀ ਨਾ ਹੋਵੇ, ਨਿਯਮਾਂ, ਉਪ-ਨਿਯਮਾਂ ਅਤੇ ਨਿਯਾਮਕਾਂ/ਕਾਰੋਬਾਰੀ ਨਿਯਮਾਂ ਅਤੇ ਐਕਸਚੇਂਜਾਂ/ SEBI ਦੁਆਰਾ ਉਸ ਦੇ ਤਹਿਤ ਜਾਰੀ ਪਰਿਪੱਤਰਾਂ/ਨੋਟਿਸਾਂ ਵਿੱਚ ਦਿੱਤੇ ਗਏ ਭਾਵ ਦੇ ਸਮਾਨ ਭਾਵ ਵਾਲਾ ਮੰਨਿਆ ਜਾਵੇਗਾ।

53. ਸਦੱਸ ਦੁਆਰਾ ਜੋੜੇ ਗਏ ਸਾਰੇ ਵਾਧੂ ਸਵੈਇੱਛਤ ਕਰਾਰ/ਦਸਤਾਵੇਜ਼, ਐਕਸਚੇਂਜਾਂ/ SEBI ਦੇ ਨਿਯਮਾਂ, ਕਾਰੋਬਾਰੀ ਨਿਯਮਾਂ/ ਨੋਟਿਸਾਂ/ਪਰਿਪੱਤਰਾਂ ਦੀ ਉਲੰਘਣਾ ਵਾਲੇ ਨਹੀਂ ਹੋਣੇ ਚਾਹੀਦੇ ਹਨ । ਅਜਿਹੇ ਸਵੈਇੱਛਤ ਕਰਾਰਾਂ/ਦਸਤਾਵੇਜ਼(ਜਾਂ) ਵਿੱਚ ਕਿਸੇ ਵੀ ਤਬਦੀਲੀ ਲਈ 15 ਦਿਨ ਪਹਿਲਾਂ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ। ਐਕਸਚੇਂਜਾਂ/ SEBI ਦੁਆਰਾ ਨਿਰਦਿਸ਼ਟ ਅਧਿਕਾਰਾਂ ਅਤੇ ਫਰਜ਼ਾਂ ਵਿੱਚ ਕਿਸੇ ਵੀ ਤਬਦੀਲੀ ਬਾਰੇ ਗਾਹਕਾਂ ਨੂੰ ਵੀ ਜਾਣੂ ਕਰਾਇਆ ਜਾਵੇਗਾ।

54. ਜੇ ਇੱਥੇ ਪੱਖਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਨੂੰ SEBI ਦੇ ਨਿਯਮਾਂ ਜਾਂ ਉਨ੍ਹਾਂ ਕਮੋਡਿਟੀ ਐਕਸਚੇਂਜਾਂ ਦੇ ਉਪ-ਨਿਯਮਾਂ, ਨਿਯਮਾਂ ਅਤੇ ਕਾਰੋਬਾਰੀ ਨਿਯਮਾਂ ਵਿੱਚ ਤਬਦੀਲੀ ਦੇ ਅਧਾਰ ਤੇ ਬਦਲਿਆ ਜਾਂਦਾ ਹੈ ਜਿੱਥੇ ਟ੍ਰੇਡ ਦੀ ਪਾਲਣਾ ਕੀਤੀ ਜਾਂਦੀ ਹੈ, ਤਾਂ ਅਜਿਹੀਆਂ ਤਬਦੀਲੀਆਂ ਨੂੰ ਇਸ ਦਸਤਾਵੇਜ਼ ਵਿੱਚ ਉੱਲੇਖਤ ਪੱਖਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਦੇ ਸੰਸ਼ੋਧਨ ਵਿੱਚ ਸ਼ਾਮਲ ਕੀਤਾ ਹੋਇਆ ਮੰਨਿਆ ਜਾਵੇਗਾ।

55. ਸਦੱਸਾਂ ਤੋਂ ਉਨ੍ਹਾਂ ਦੇ ਗਾਹਕਾਂ ਨੂੰ ਹਰ ਮਹੀਨੇ ਖਾਤਾ ਵਿਵਰਣ ਭੇਜਣ ਦੀ ਉਮੀਦ ਕੀਤੀ ਜਾਂਦੀ ਹੈ।

ਸਦੱਸਾਂ ਦੁਆਰਾ ਗਾਹਕ ਨੂੰ ਪ੍ਰਦਾਨ ਕੀਤੀ ਗਈ ਇੰਟਰਨੈਟ ਅਤੇ ਵਾਯਰਲੈਸ ਤਕਨੀਕ ਅਧਾਰਤ ਟ੍ਰੇਡਿੰਗ ਸੁਵਿਧਾ
(*'ਅਧਿਕਾਰ ਅਤੇ ਫਰਜ਼'*ਦਸਤਾਵੇਜ਼(ਜ਼ਾਂ) ਵਿੱਚ ਵਰਣਤ ਸਾਰੇ ਖੰਡ/ਕਰਾਰ ਲਾਗੂ ਹੋਣਗੇ
ਇਸ ਤੋਂ ਇਲਾਵਾ, ਇਸ ਦੇ ਅਧੀਨ ਉੱਲੇਖਤ ਖੰਡ/ਕਰਾਰ ਵੀ ਲਾਗੂ ਹੋਣਗੇ)

1. ਸਦੱਸ ਵਾਯਰਲੈਸ ਤਕਨੀਕ ਦੇ ਉਪਯੋਗ ਦੇ ਜ਼ਰੀਏ ਇੰਟਰਨੈਟ ਅਧਾਰਤ ਟ੍ਰੇਡਿੰਗ (IBT) ਅਤੇ ਕਮੋਡਿਟੀਜ਼ ਟ੍ਰੇਡਿੰਗ ਪ੍ਰਦਾਨ ਕਰਨ ਲਈ ਪਾੱਤਰ ਹੈ ਜਿਨ੍ਹਾਂ ਵਿੱਚ ਮੋਬਾਇਲ ਫੋਨ, ਡੇਟਾ ਕਾਰਡ ਦੇ ਨਾਲ ਲੈਪਟੋਪ, ਆਦਿ ਉਪਕਰਣਾਂ ਦਾ ਉਪਯੋਗ ਸ਼ਾਮਲ ਹੋਵੇਗਾ ਜਿਨ੍ਹਾਂ ਵਿੱਚ ਇੰਟਰਨੈਟ ਪ੍ਰੋਟੋਕੋਲ (IP) ਦਾ ਉਪਯੋਗ ਹੁੰਦਾ ਹੈ। ਸਦੱਸ SEBI ਅਤੇ ਐਕਸਚੇਂਜਾਂ ਦੁਆਰਾ ਸਮੇਂ-ਸਮੇਂ ਤੇ ਨਿਰਦਿਸ਼ਟ ਕੀਤੇ ਗਏ ਮੁਤਾਬਕ ਵਾਯਰਲੈਸ ਤਕਨੀਕ ਦਾ ਉਪਯੋਗ ਕਰਕੇ ਇੰਟਰਨੈਟ ਅਧਾਰਤ ਟ੍ਰੇਡਿੰਗ/ਕਮੋਡਿਟੀਜ਼ ਟ੍ਰੇਡਿੰਗ ਲਈ ਲਾਗੂ ਸਾਰੀਆਂ ਲੋੜਾਂ ਦੀ ਪੂਰਤੀ ਕਰੇਗਾ।

2. ਗਾਹਕ ਕਮੋਡਿਟੀਜ਼ ਵਿੱਚ ਨਿਵੇਸ਼/ਟ੍ਰੇਡਿੰਗ ਕਰਨ ਦਾ ਇੱਛੁਕ ਹੈ ਅਤੇ ਇਸ ਉਦੇਸ਼ ਲਈ ਗਾਹਕ ਜਾਂ ਤੇ ਇੰਟਰਨੈਟ ਅਧਾਰਤ ਟ੍ਰੇਡਿੰਗ ਸੁਵਿਧਾ ਜਾਂ ਵਾਯਰਲੈਸ ਤਕਨੀਕ ਦੇ ਉਪਯੋਗ ਦੇ ਜ਼ਰੀਏ ਕਮੋਡਿਟੀਜ਼ ਦੀ ਟ੍ਰੇਡਿੰਗ ਸੁਵਿਧਾ ਦਾ ਉਪਯੋਗ ਕਰਨ ਲਈ ਇੱਛੁਕ ਹੈ । ਸਦੱਸ ਗਾਹਕ ਨੂੰ ਸਦੱਸ ਦੀ IBT ਸੇਵਾ ਪ੍ਰਦਾਨ ਕਰੇਗਾ ਅਤੇ ਗਾਹਕ ਸਦੱਸ ਦੀ IBT ਸੇਵਾ ਦਾ ਫਾਇਦਾ ਚੁੱਕੇਗਾ ਜੋ ਐਕਸਚੇਂਜਾਂ SEBI ਦੇ ਪ੍ਰਾਵਧਾਨਾਂ ਅਤੇ ਨਿਯਮਾਂ ਅਤੇ ਸਦੱਸ ਦੀ IBT ਵੈੱਬਸਾਇਟ ਤੇ ਨਿਰਦਿਸ਼ਟ ਸ਼ਰਤਾਂ ਦੇ ਅਧੀਨ ਹੈ ਬਸ਼ਰਤੇ ਕਿ ਉਹ ਐਕਸਚੇਂਜਾਂ/SEBI ਦੁਆਰਾ ਨਿਰਧਾਰਤ ਮਾਨਦੰਡਾਂ ਦੇ ਮੁਤਾਬਕ ਹੋਵੇ।

3. ਸਦੱਸ ਵਾਯਰਲੈਸ ਤਕਨੀਕ/ਇੰਟਰਨੈਟ ਜਾਂ ਕਿਸੇ ਵੀ ਹੋਰ ਤਕਨੀਕ ਦੇ ਜ਼ਰੀਏ ਕਮੋਡਿਟੀਜ਼ ਦੀ ਟ੍ਰੇਡਿੰਗ ਨਾਲ ਜੁੜੀਆਂ ਸੁਵਿਧਾਵਾਂ, ਜੋਖਮਾਂ, ਜ਼ੁੰਮੇਵਾਰੀਆਂ, ਫਰਜ਼ਾਂ ਅਤੇ ਦੇਣਦਾਰੀਆਂ ਦੇ ਬਾਰੇ ਗਾਹਕ ਨੂੰ ਜਾਣੂ ਕਰਾਵੇਗਾ।

4. ਸਦੱਸ ਗਾਹਕ ਨੂੰ ਇਸ ਦੇ ਬਾਰੇ ਜਾਣੂ ਕਰਾਵੇਗਾ ਕਿ ਸਦੱਸ ਦਾ IBT ਸਿਸਟਮ ਸ਼ੁਰੂਆਤੀ ਪਾਸਵਰਡ ਜਨਰੇਟ ਕਰਦਾ ਹੈ ਅਤੇ ਇਸ ਦੀ ਪਾਸਵਰਡ ਪਾਲਸੀ ਐਕਸਚੇਂਜਾਂ/SEBI ਦੁਆਰਾ ਨਿਰਧਾਰਤ ਮਾਨਦੰਡਾਂ ਦੇ ਮੁਤਾਬਕ ਹੈ।

5. ਗਾਹਕ ਉਪਯੋਗਕਰਤਾ ਨਾਂ ਅਤੇ ਪਾਸਵਰਡ ਨੂੰ ਗੁੱਪਤ ਅਤੇ ਸੁਰੱਖਿਅਤ ਰੱਖਣ ਲਈ ਜ਼ੁੰਮੇਵਾਰ ਹੋਵੇਗਾ ਅਤੇ ਅਜਿਹੇ ਵਿਅਕਤੀ ਦੁਆਰਾ ਸਥਾਪਤ ਕੀਤੇ ਗਏ ਸਾਰੇ ਆਦੇਸ਼ਾਂ ਅਤੇ ਲੈਣ-ਦੇਣ ਦੇ ਪ੍ਰਤੀ ਪੂਰੀ ਤਰ੍ਹਾਂ ਜ਼ੁੰਮੇਵਾਰ ਹੋਵੇਗਾ ਜਿਸ ਨੇ ਗਾਹਕ ਦੇ ਉਪਯੋਗਕਰਤਾ ਨਾਂ ਅਤੇ/ਜਾਂ ਪਾਸਵਰਡ ਦਾ ਉਪਯੋਗ ਕਰਦੇ ਹੋਏ ਸਦੱਸ ਦੇ IBT ਸਿਸਟਮ ਦੇ ਜ਼ਰੀਏ ਇਨ੍ਹਾਂ ਨੂੰ ਸੰਪੂਰਨ ਕੀਤਾ ਹੋਵੇ, ਭਾਵੇਂ ਉਹ ਵਿਅਕਤੀ ਅਜਿਹਾ ਕਰਨ ਲਈ ਅਧਿਕਾਰਤ ਹੋਵੇ ਜਾਂ ਨਾ ਹੋਵੇ। ਇਸ ਤੋਂ ਇਲਾਵਾ ਗਾਹਕ ਇਹ ਵੀ ਜਾਣਦਾ ਹੈ ਕਿ ਆਦੇਸ਼ ਰੂਟਿਡ ਸਿਸਟਮ ਦੇ ਜ਼ਰੀਏ ਵਾਯਰਲੈਸ ਤਰਨੀਕ ਦੁਆਰਾ ਇੰਟਰਨੈਟ ਟ੍ਰੇਡਿੰਗ/ਕਮੋਡਿਟੀਜ਼ ਟ੍ਰੇਡਿੰਗ ਲਈ ਪ੍ਰਮਾਣੀਕਰਨ ਤਕਨੀਕਾਂ ਅਤੇ ਸਖਤ ਸੁਰੱਖਿਆ ਮਾਨਦੰਡਾਂ ਦੀ ਲੋੜ ਹੁੰਦੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਦਮ ਚੁਕਦਾ ਹੈ ਕਿ ਗਾਹਕ ਅਤੇ/ਜਾਂ ਉਸ ਦੇ ਅਧਿਕਾਰਤ ਨੁਮਾਇੰਦੇ ਦਾ ਪਾਸਵਰਡ ਸਦੱਸ ਦੇ ਕਰਮਚਾਰੀਆਂ ਅਤੇ ਡੀਲਰਾਂ ਸਮੇਤ ਕਿਸੇ ਵੀ ਤੀਜੇ ਪੱਖ ਨੂੰ ਪਤਾ ਨਹੀਂ ਚਲਦਾ ਹੈ।

6. ਗਾਹਕ ਇਸ ਬਾਰੇ ਤਤਕਾਲ ਸਦੱਸ ਨੂੰ ਲਿੱਖਤ ਵਿੱਚ ਸੂਚਿਤ ਕਰੇਗਾ ਜੇ ਉਹ ਆਪਣਾ ਪਾਸਵਰਡ ਭੁੱਲ ਜਾਂਦਾ ਹੈ, ਉਸ ਨੂੰ ਸਦੱਸ ਦੇ IBT ਸਿਸਟਮ ਵਿੱਚ ਸੁਰੱਖਿਆ ਤਰੁਟੀ ਦਾ ਪਤਾ ਲਗਦਾ ਹੈ, ਅਜਿਹੇ ਗੈਰ-ਅਧਿਕਾਰਤ ਉਪਯੋਗ, ਮਿਤੀ, ਤਰੀਕੇ ਅਤੇ ਅਜਿਹੇ ਗੈਰ-ਅਧਿਕਾਰਤ ਉਪਯੋਗ ਨਾਲ ਪ੍ਰਭਾਵਿਤ ਲੈਣ-ਦੇਣਾਂ ਆਦਿ ਦੀ ਪੂਰੀ ਜਾਣਕਾਰੀ ਦੇ ਨਾਲ ਆਪਣੇ ਉਪਯੋਗਕਰਤਾ ਨਾਂ/ਪਾਸਵਰਡ/ਖਾਤੇ ਦੇ ਜ਼ਰੀਏ ਅਨਿਰੰਤਰਤਾਵਾਂ/ਗੈਰ-ਅਧਿਕਾਰਤ ਉਪਯੋਗ ਦੀ ਸ਼ੰਕਾ ਹੁੰਦੀ ਹੈ/ਪਤਾ ਲਗਦਾ ਹੈ।

7. ਗਾਹਕ ਵਾਯਰਲੈਸ ਤਕਨੀਕ ਦੇ ਜ਼ਰੀਏ ਇੰਟਰਨੈਟ/ਕਮੋਡਿਟੀਜ਼ ਟ੍ਰੇਡਿੰਗ ਤੋਂ ਆਰਡਰ ਰੂਟ ਕਰਨ ਲਈ ਸੇਵਾ ਦਾ ਫਾਇਦਾ ਚੁੱਕਣ ਦੇ ਨਾਲ ਜੁੜੇ ਜੋਖਮਾਂ ਦੇ ਬਾਰੇ ਪੂਰੀ ਤਰ੍ਹਾਂ ਜਾਣੂ ਹੈ ਅਤੇ ਸਮਝਦਾ ਹੈ ਅਤੇ ਗਾਹਕ ਕਿਸੇ ਵੀ ਤਰੀਕੇ ਨਾਲ ਗਾਹਕ ਦੇ ਉਪਯੋਗਕਰਤਾ ਨਾਂ/ਪਾਸਵਰਡ ਵਿੱਚ ਕੀਤੇ ਗਏ ਸਾਰੇ ਕੰਮਾਂ ਲਈ ਪੂਰੀ ਤਰ੍ਹਾਂ ਜਵਾਬਦੇਹ ਅਤੇ ਜ਼ੁੰਮੇਵਾਰ ਹੋਵੇਗਾ।

8. ਸਦੱਸ ਗਾਹਕ ਨੂੰ ਉਸ ਦੀ ਬੇਨਤੀ ਤੇ ਈ-ਮੇਲ ਦੇ ਜ਼ਰੀਏ ਆਰਡਰ/ਟ੍ਰੇਡ ਪੁਸ਼ਟੀਕਰਨ ਭੇਜੇਗਾ । ਗਾਹਕ ਜਾਣਦਾ ਹੈ ਕਿ ਆਰਡਰ/ਟ੍ਰੇਡ ਪੁਸ਼ਟੀਕਰਨ ਵੈਬ ਪੋਰਟਲ ਤੇ ਵੀ ਉਪਲਬਧ ਕਰਾਇਆ ਜਾਂਦਾ ਹੈ । ਜੇ ਗਾਹਕ ਵਾਯਰਲੈਸ ਤਕਨੀਕ ਦਾ ਉਪਯੋਗ ਕਰਕੇ ਟ੍ਰੇਡ ਕਰ ਰਿਹਾ ਹੈ ਤਾਂ ਸਦੱਸ ਗਾਹਕ ਦੇ ਉਪਕਰਣ ਤੇ ਆਰਡਰ/ਟ੍ਰੇਡ ਪੁਸ਼ਟੀਕਰਨ ਭੇਜੇਗਾ।

9. ਗਾਹਕ ਜਾਣਦਾ ਹੈ ਕਿ ਇੰਟਰਨੈਟ ਤੇ ਟ੍ਰੇਡਿੰਗ ਵਿੱਚ ਕਈ ਅਨਿਸ਼ਚਤ ਕਾਰਕ ਸ਼ਾਮਲ ਹੁੰਦੇ ਹਨ ਅਤੇ ਜਟਿਲ ਹਾਰਡਵੇਅਰ, ਸੋਫਟਵੇਅਰ, ਪ੍ਰਣਾਲੀਆਂ, ਸੰਚਾਰ ਲਾਇਨਾਂ, ਬਾਹਰੀ ਉਪਕਰਣ ਆਦਿ ਰੁਕਾਵਟਾਂ ਅਤੇ ਅਵਿਵਸਥਾਵਾਂ ਦੇ ਪ੍ਰਤੀ ਅਤਿਸੰਵੇਦਨਸ਼ੀਲ ਹੁੰਦੇ ਹਨ। ਸਦੱਸ ਅਤੇ ਐਕਸਚੇਂਜ ਇਸ ਗੱਲ ਦੀ ਕੋਈ ਨੁਮਾਇੰਦਗੀ ਨਹੀਂ ਕਰਦੇ ਜਾਂ ਗਰੰਟੀ ਨਹੀਂ ਦਿੰਦੇ ਕਿ IBT ਸੇਵਾ ਬਿਨਾਂ ਕਿਸੇ ਰੁਕਾਵਟ ਤੋਂ ਹਰ ਸਮੇਂ ਗਾਹਕ ਲਈ ਉਪਲਬਧ ਹੋਵੇਗੀ।

10. ਗਾਹਕ, ਸਦੱਸ ਦੇ IBT ਸਿਸਟਮ ਜਾਂ ਸੇਵਾ ਜਾਂ ਐਕਸਚੇਂਜ ਦੀ ਸੇਵਾ ਜਾਂ ਪ੍ਰਣਾਲੀਆਂ ਦੀ ਕਿਸੇ ਵੀ ਦੇਰੀ, ਰੁਕਾਵਟ, ਗੈਰ-ਉਪਲਬਧਤਾ ਜਾਂ ਸਦੱਸ/ਐਕਸਚੇਂਜਾਂ ਦੇ ਨਿਯੰਤ੍ਰਣ ਤੋਂ ਬਾਹਰ ਕਿਸੇ ਵੀ ਕਾਰਨ ਕਰਕੇ ਗਾਹਕ/ਸਦੱਸ/ਐਕਸਚੇਂਜ ਤੇ ਕਿਸੇ ਵੀ ਲਿੰਕ/ਪ੍ਰਣਾਲੀ ਦੀ ਵਿਫਲਤਾ ਦੇ ਕਾਰਨ ਆਪਣੇ ਆਦੇਸ਼ਾਂ ਦੀ ਪਾਲਣਾ ਨਾ ਹੋਣ ਤੇ, ਐਕਸਚੇਂਜ ਜਾਂ ਸਦੱਸ ਦੇ ਖਿਲਾਫ ਕੋਈ ਦਾਅਵਾ ਨਹੀਂ ਕਰੇਗਾ।

ਅਨੁਲੱਗ-2

ਜੋਖਮ ਪ੍ਰਕਟੀਕਰਣ ਦਸਤਾਵੇਜ਼(Risk disclosure document)

ਐਕਸਚੇਂਜ਼ (Exchange)ਨਾ ਤੇ ਸਪਸ਼ਟ ਤੌਰ ਤੇ ਅਤੇ ਨਾ ਹੀ ਅਸਪਸ਼ਟ ਤੌਰ ਤੇ, ਇਸ ਪ੍ਰਕਟੀਕਰਣ ਦਸਤਾਵੇਜ਼ ਦੀ ਸੰਪੂਰਨਤਾ, ਉੱਚਿਤਤਾ ਜਾਂ ਸਟੀਕਤਾ ਦੀ ਗਰੰਟੀ ਦਿੰਦਾ ਹੈ ਅਤੇ ਨਾ ਹੀ ਐਕਸਚੇਂਜ਼ ਕਮੋਡਿਟੀ ਡੈਰਿਵੇਟਿਵਸ (Commodity Derivatives) ਬਜ਼ਾਰ/ਟ੍ਰੇਡਿੰਗ ਸੈਗਮੈਂਟਾਂ ਵਿੱਚ ਭਾਗ ਲੈਣ ਦੇ ਕਿਸੇ ਵੀ ਗੁਣ ਦੀ ਪ੍ਰਵਾਨਗੀ ਕਰਦੇ ਹਨ ਜਾਂ ਪਾਰਿਤ ਕਰਦੇ ਹਨ। ਇਹ ਸੰਖੇਪ ਵਿਵਰਣ ਟ੍ਰੇਡਿੰਗ ਦੇ ਸਾਰੇ ਜੋਖਮਾਂ ਅਤੇ ਹੋਰ ਮਹੱਤਵਪੂਰਨ ਪਹਿਲੂਆਂ ਦਾ ਪ੍ਰਕਟੀਕਰਣ ਨਹੀਂ ਕਰਦਾ ਹੈ । ਇਸ ਲਈ ਤੁਹਾਨੂੰ ਡੇਰਿਵੇਟਿਵਸ ਟ੍ਰੇਡਿੰਗ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਇਸ ਦਾ ਚੰਗੀ ਤਰ੍ਹਾਂ ਅਧਿਐਨ ਕਰ ਲੈਣਾ ਚਾਹੀਦਾ ਹੈ।

ਸ਼ਾਮਲ ਜੋਖਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਤੁਹਾਨੂੰ ਸਿਰਫ ਤਾਂ ਹੀ ਲੈਣ-ਦੇਣ ਕਰਨਾ ਚਾਹੀਦਾ ਹੈ ਜਦੋਂ ਤੁਸੀਂ ਉਸ ਠੇਕੇ ਸਬੰਧੀ ਸਬੰਧ ਦੀ ਪ੍ਰਕਿਰਤੀ ਅਤੇ ਆਪਣੇ ਜੋਖਮ ਦੀ ਹੱਦ ਨੂੰ ਸਮਝਦੇ ਹੋ ਜਿਸ ਵਿੱਚ ਤੁਸੀਂ ਦਾਖਲ ਹੋ ਰਹੇ ਹੋ।

ਤੁਹਾਨੂੰ ਜਾਣਨਾ ਚਾਹੀਦਾ ਹੈ ਅਤੇ ਪਛਾਣ ਕਰਨੀ ਚਾਹੀਦੀ ਹੈ ਕਿ ਕਮੋਡਿਟੀ ਫਿਊਚਰ ਕਾਂਟ੍ਰੈਕਟਸ/ਡੇਰਿਵੇਟਿਵਸ ਜਾਂ ਕਮੋਡਿਟੀ ਐਕਸਚੇਂਜ਼(ਜਾਂ) ਤੇ ਟ੍ਰੇਡ ਕੀਤੇ ਜਾਣ ਵਾਲੇ ਹੋਰ ਵਿਲੇਖਾਂ (ਇੰਸਟਰੂਮੈਂਟਸ) ਵਿੱਚ ਟ੍ਰੇਡਿੰਗ, ਜਿਨ੍ਹਾਂ ਵਿੱਚ ਭਿੰਨ-ਭਿੰਨ ਮਾਤਰਾਵਾਂ ਵਿੱਚ ਜੋਖਮ ਸ਼ਾਮਲ ਹੁੰਦੇ ਹਨ, ਆਮ ਤੌਰ ਤੇ ਸੀਮਤ ਸੰਸਾਧਨਾਂ/ਸੀਮਤ ਨਿਵੇਸ਼ ਅਤੇ/ਜਾਂ ਟ੍ਰੇਡਿੰਗ ਅਨੁਭਵ ਅਤੇ ਘੱਟ ਜੋਖਮ ਸਹਿਣਸ਼ੀਲਤਾ ਵਾਲੇ ਕਿਸੇ ਵਿਅਕਤੀ ਲਈ ਉੱਚਿਤ ਸਥਾਨ ਨਹੀਂ ਹੈ । ਇਸ ਲਈ ਤੁਹਾਨੂੰ ਆਪਣੀ ਵਿੱਤੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਧਿਆਨ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਅਜਿਹੀ ਟ੍ਰੇਡਿੰਗ ਤੁਹਾਡੇ ਲਈ ਉੱਚਿਤ ਹੈ ਜਾਂ ਨਹੀਂ । ਜੇ ਤੁਸੀਂ ਐਕਸਚੇਂਜ਼ ਵਿੱਚ ਟ੍ਰੇਡ ਕਰਦੇ ਹੋ ਅਤੇ ਪ੍ਰਤੀਕੂਲ ਸਿੱਟਾ ਜਾਂ ਨੁਕਸਾਨ ਚੁੱਕਦੇ ਹੋ, ਤਾਂ ਤੁਸੀਂ ਉਸ ਲਈ ਪੂਰੀ ਤਰ੍ਹਾਂ ਜ਼ੁੰਮੇਵਾਰ ਹੋਵੋਗੇ ਅਤੇ ਐਕਸਚੇਂਜ, ਕਿਸੇ ਵੀ ਤਰੀਕੇ ਨਾਲ ਇਸ ਲਈ ਜ਼ੁੰਮੇਵਾਰ ਨਹੀਂ ਹੋਵੇਗਾ ਅਤੇ ਤੁਹਾਡੇ ਕੋਲ ਇਹ ਦਲੀਲ ਦੇਣ ਦਾ ਵਿਕਲਪ ਨਹੀਂ ਹੋਵੇਗਾ ਕਿ ਤੁਹਾਨੂੰ ਸ਼ਾਮਲ ਜੋਖਮਾਂ ਦੇ ਬਾਰੇ ਕਾਫੀ ਜਾਣਕਾਰੀ ਨਹੀਂ ਦਿੱਤੀ ਗਈ ਸੀ ਜਾਂ ਇਹ ਕਿ ਤੁਹਾਨੂੰ ਸਬੰਧਤ ਸਦੱਸ ਦੁਆਰਾ ਨਿਹਿਤ ਸੰਪੂਰਨ ਜੋਖਮ ਦੇ ਬਾਰੇ ਨਹੀਂ ਦੱਸਿਆ ਗਿਆ ਸੀ। ਗਾਹਕ ਸਿੱਟਿਆਂ ਲਈ ਪੂਰੀ ਤਰ੍ਹਾਂ ਜ਼ੁੰਮੇਵਾਰ ਹੋਣਗੇ ਅਤੇ ਉਸ ਅਧਾਰ ਤੇ ਕਿਸੇ ਵੀ ਕਾਂਟ੍ਰੈਕਟ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਹੈ।

ਤੁਹਾਨੂੰ ਕਬੂਲਣਾ ਅਤੇ ਸਵੀਕ੍ਰਿਤੀ ਦੇਣੀ ਚਾਹੀਦੀ ਹੈ ਕਿ ਐਕਸਚੇਂਜ ਤੇ ਟ੍ਰੇਡ ਕੀਤੇ ਜਾਣ ਵਾਲੇ ਕਿਸੇ ਕਮੋਡਿਟੀ ਡੈਰਿਵੇਟਿਵ ਦੀ ਖਰੀਦ ਅਤੇ/ਜਾਂ ਵਿਕਰੀ ਦੇ ਆਦੇਸ਼ ਦੀ ਪਾਲਣਾ ਕਰਨ ਵੇਲੇ ਫਾਇਦਿਆਂ ਦੀ ਕੋਈ ਗਰੰਟੀ ਨਹੀਂ ਹੋ ਸਕਦੀ ਹੈ ਅਤੇ/ਜਾਂ ਹਾਨੀਆਂ ਦਾ ਕੋਈ ਅਪਵਾਦ ਨਹੀਂ ਹੋ ਸਕਦਾ ਹੈ।

ਤੁਹਾਨੂੰ ਇਹ ਸਪਸ਼ਟ ਤੌਰ ਤੇ ਸਮਝਣਾ ਚਾਹੀਦਾ ਹੈ ਕਿ ਇੱਕ ਸਦੱਸ (Member/Stock brokers) ਦੇ ਜ਼ਰੀਏ ਐਕਸਚੇਂਜ ਤੇ ਤੁਹਾਡੀ ਡੀਲਿੰਗ (ਲੈਣ-ਦੇਣ), ਸਦੱਸ ਦੁਆਰਾ ਨਿਰਧਾਰਿਤ ਕੁੱਝ ਰਸਮਾਂ ਨੂੰ ਪੂਰਾ ਕਰਨ ਦੇ ਅਧੀਨ ਹੋਵੇਗੀ ਜਿਸ ਵਿੱਚ *ਹੋਰ ਚੀਜ਼ਾਂ ਦੇ ਨਾਲ-ਨਾਲ* ਆਪਣੇ ਗਾਹਕ ਨੂੰ ਜਾਣੋ ਫਾਰਮ ਨੂੰ ਭਰਨਾ, ਅਤੇ ਸਬੰਧਤ ਐਕਸਚੇਂਜ ਦੇ ਨਿਯਮਾਂ, ਉਪ-ਨਿਯਮਾਂ ਅਤੇ ਕਾਰੋਬਾਰੀ ਨਿਯਮਾਂ, ਅਤੇ SEBI ਦੁਆਰਾ ਨਿਰਧਾਰਿਤ ਸਮੇਂ-ਸਮੇਂ ਤੇ ਜਾਰੀ ਦਿਸ਼ਾ-ਨਿਰਦੇਸ਼ਾਂ ਅਤੇ ਐਕਸਚੇਂਜ ਦੁਆਰਾ ਸਮੇਂ-ਸਮੇਂ ਤੇ ਜਾਰੀ ਕੀਤੇ ਜਾ ਸਕਣ ਵਾਲੇ ਪਰਿ-ਪੱਤਰਾਂ ਦੇ ਅਧੀਨ ਹਨ।

ਐਕਸਚੇਂਜ ਕੋਈ ਵੀ ਸਲਾਹ ਪ੍ਰਦਾਨ ਨਹੀਂ ਕਰਦਾ ਹੈ ਜਾਂ ਸਲਾਹ ਦੇਣ ਦੀ ਇੱਛਾ ਨਹੀਂ ਰਖਦਾ ਹੈ ਅਤੇ ਕਿਸੇ ਵੀ ਅਜਿਹੇ ਵਿਅਕਤੀ ਲਈ ਜਵਾਬਦੇਹ ਨਹੀਂ ਹੋਵੇਗਾ ਜੋ ਐਕਸਚੇਂਜ ਦੇ ਸਦੱਸ ਅਤੇ/ਜਾਂ ਇਸ ਦਸਤਾਵੇਜ਼ ਵਿੱਚ ਸ਼ਾਮਲ ਕਿਸੇ ਵੀ ਜਾਣਕਾਰੀ ਦੇ ਅਧਾਰ ਤੇ ਕਿਸੇ ਵੀ ਤੀਜੇ ਪੱਖ ਦੇ ਨਾਲ ਕੋਈ ਵੀ ਵਪਾਰਕ ਸਬੰਧ ਸਥਾਪਤ ਕਰਦਾ ਹੈ । ਇਸ ਦਸਤਾਵੇਜ ਵਿੱਚ ਸ਼ਾਮਲ ਕਿਸੇ ਵੀ ਜਾਣਕਾਰੀ ਨੂੰ ਵਪਾਰਕ ਸਲਾਹ/ਨਿਵੇਸ਼ ਦੇ ਰੂਪ ਵਿੱਚ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਟ੍ਰੇਡਿੰਗ ਵਿੱਚ ਸ਼ਾਮਲ ਜੋਖਮਾਂ ਨੂੰ ਬਿਨਾਂ ਪੂਰੀ ਤਰ੍ਹਾਂ ਸਮਝੇ ਅਤੇ ਬਿਨਾਂ ਸਮੀਖਿਆ ਕੀਤੇ, ਟ੍ਰੇਡ ਕਰਨ ਲਈ ਕੋਈ ਵੀ ਵਿਚਾਰ ਨਹੀਂ ਬਣਾਇਆ ਜਾਣਾ ਚਾਹੀਦਾ ਹੈ। ਜੇ ਤੁਸੀਂ ਨਿਸ਼ਚਤ ਨਹੀਂ ਹੋ, ਤਾਂ ਤੁਹਾਨੂੰ ਉਸ ਬਾਰੇ ਪੇਸ਼ੇਵਰ ਸਲਾਹ ਲੈਣੀ ਚਾਹੀਦੀ ਹੈ।

ਇਹ ਵਿਚਾਰ ਕਰਨ ਲਈ ਕਿ ਟ੍ਰੇਡ ਕੀਤਾ ਜਾਵੇ ਜਾਂ ਨਹੀਂ, ਤੁਹਾਨੂੰ ਹੇਠਾਂ ਦੇ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਜਾਂ ਇਨ੍ਹਾਂ ਨਾਲ ਜਾਣੂ ਹੋਣਾ ਚਾਹੀਦਾ ਹੈ:-

1. **ਐਕਸਚੇਂਜ ਤੇ ਕਮੋਡਿਟੀ ਫਿਉਚਰ ਕਾਂਟ੍ਰੈਕਟਸ ਅਤੇ ਹੋਰ ਕਮੋਡਿਟੀ ਡੇਰਿਵੇਟਿਵਸਇੰਸਟਰੂਮੈਂਟਸ ਦੀ ਟ੍ਰੇਡਿੰਗ ਨਾਲ ਜੁੜੇ ਬੁਨਿਆਦੀ ਜੋਖਮ।**

   i. **ਉੱਚ ਅਸਥਿਰਤਾ ਦਾ ਜੋਖਮ**

   ਅਸਥਿਰਤਾ ਦਾ ਭਾਵ ਇਸ ਕੀਮਤ ਵਿੱਚ ਗਤੀਸ਼ੀਲ ਤਬਦੀਲੀ ਨਾਲ ਹੈ ਜਿਸ ਤੇ ਇੱਕ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟ ਕੀਤਾ ਜਾਂਦਾ ਹੈ ਜਦੋਂ ਟ੍ਰੇਡਿੰਗ ਗਤੀਵਿਧੀਆਂ ਕਮੋਡਿਟੀ ਐਕਸਚੇਂਜ ਵਿੱਚ ਜਾਰੀ ਰਹਿੰਦੀ ਹੈ । ਆਮ ਤੌਰ ਤੇ ਇੱਕ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟ ਦੀ ਅਸਥਿਰਤਾ ਜਿੰਨੀ ਉੱਚ ਹੁੰਦੀ ਹੈ ਉਸ ਦੇ ਮੁੱਲ ਵਿੱਚ ਤਬਦੀਲੀ ਵੀ ਉੰਨੀ ਹੀ ਜ਼ਿਆਦਾ ਹੁੰਦੀ ਹੈ । ਸਕ੍ਰਿਅ ਕਮੋਡਿਟੀ/ਕਾਂਟ੍ਰੈਕਟਸ ਦੀ ਤੁਲਨਾ ਵਿੱਚ ਘੱਟ ਟ੍ਰੇਡ ਕੀਤੀ ਜਾਣ ਵਾਲੀ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਵਿੱਚ ਆਮ ਤੌਰ ਤੇ ਜ਼ਿਆਦਾ ਅਸਥਿਰਤਾ ਹੋ ਸਕਦੀ ਹੈ । ਅਸਥਿਰਤਾ ਦੇ ਸਿੱਟੇ ਵਜੋਂ, ਤੁਹਾਡੇ ਆਦੇਸ਼ ਦੀ ਸਿਰਫ ਆਂਸ਼ਿਕ ਤੌਰ ਤੇ ਪਾਲਣਾ ਕੀਤੀ ਜਾ ਸਕਦੀ ਹੈ ਜਾਂ ਬਿਲਕੁਲ ਵੀ ਪਾਲਣਾ ਨਹੀਂ ਕੀਤੀ ਜਾ ਸਕਦੀ ਹੈ, ਜਾਂ ਉਹ ਕੀਮਤ ਜਿਸ ਤੇ ਤੁਹਾਡੇ ਆਦੇਸ਼ ਦੀ ਪਾਲਣਾ ਕੀਤੀ ਜਾਂਦੀ ਹੈ, ਅੰਤਿਮ ਟ੍ਰੇਡਿਡ ਕੀਮਤ ਤੋਂ ਥੋੜ੍ਹੀ ਭਿੰਨ ਹੋ ਸਕਦੀ ਹੈ ਜਾਂ ਲਗਾਤਾਰ ਬਦਲ ਸਕਦੀ ਹੈ ਜਿਸ ਦੇ ਸਿੱਟੇ ਵਜੋਂ ਵਾਸਤਵਿਕ ਨੁਕਸਾਨ ਹੋ ਸਕਦਾ ਹੈ।

   ii. **ਘੱਟ ਤਰਲਤਾ (ਲੋਅਰ ਲਿਕਵਿਡਿਟੀ) ਦਾ ਜੋਖਮ:**

   a. ਤਰਲਤਾ ਇੱਕ ਪ੍ਰਤੀਯੋਗੀ ਕੀਮਤ ਤੇ ਅਤੇ ਨਿਮਨਤਮ ਕੀਮਤ ਅੰਤਰ ਦੇ ਨਾਲ ਤੇਜ਼ੀ ਨਾਲ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟਸ ਦੀ ਖਰੀਦ ਅਤੇ/ਜਾਂ ਵਿਕਰੀ ਲਈ ਬਜ਼ਾਰ ਸਹਿਯੋਗੀਆਂ ਦੀ ਸਮਰੱਥਾ ਨੂੰ ਦਰਸ਼ਾਉਂਦੀ ਹੈ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਇੱਕ ਬਜ਼ਾਰ ਵਿੱਚ ਉਪਲਬਧ ਆਦੇਸ਼ਾਂ ਦੀ ਸੰਖਿਆ ਜਿੰਨੀ ਜ਼ਿਆਦਾ ਹੁੰਦੀ ਹੈ, ਤਰਲਤਾ ਉੰਨੀ ਹੀ ਜ਼ਿਆਦਾ ਹੁੰਦੀ ਹੈ । ਤਰਲਤਾ ਮਹੱਤਵਪੂਰਨ ਹੈ ਕਿਉਂਕਿ ਜ਼ਿਆਦਾ ਤਰਲਤਾ ਦੇ ਨਾਲ, ਨਿਵੇਸ਼ਕਾਂ ਲਈ ਤੇਜ਼ੀ ਨਾਲ ਅਤੇ ਨਿਮਨਤਮ ਕੀਮਤ ਅੰਤਰ ਦੇ ਨਾਲ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਨੂੰ ਖਰੀਦਣਾ ਅਤੇ/ਜਾਂ ਵਿਕਰੀ ਕਰਨਾ ਅਸਾਨ ਹੋ ਜਾਂਦਾ ਹੈ, ਅਤੇ ਸਿੱਟੇ ਵਜੋਂ, ਨਿਵੇਸ਼ਕਾਂ ਦੁਆਰਾ ਖਰੀਦੀ ਜਾਂ ਵਿਕਰੀ ਕੀਤੀ ਗਈ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਲਈ ਇੱਕ ਪ੍ਰਤੀਯੋਗੀ ਕੀਮਤ ਦਾ ਭੁਗਤਾਨ ਕੀਤੇ ਜਾਣ ਜਾਂ ਪ੍ਰਾਪਤ ਹੋਣ ਦੀ ਸੰਭਾਵਨਾ ਹੁੰਦੀ ਹੈ । ਸਕ੍ਰਿਅ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਦੀ ਤੁਲਨਾ ਵਿੱਚ ਕੁਝ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਵਿੱਚ ਘੱਟ ਤਰਲਤਾ ਦਾ ਖਤਰਾ ਹੋ ਸਕਦਾ ਹੈ । ਸਿੱਟੇ ਵਜੋਂ, ਤੁਹਾਡੇ ਆਦੇਸ਼ ਦੀ ਸਿਰਫ ਆਂਸ਼ਿਕ ਤੌਰ ਤੇ ਪਾਲਣਾ ਕੀਤੀ ਜਾ ਸਕਦੀ ਹੈ, ਜਾਂ ਤੁਲਨਾਤਮਕ ਤੌਰ ਤੇ ਜ਼ਿਆਦਾ ਕੀਮਤ ਅੰਤਰ ਦੇ ਨਾਲ ਪਾਲਣਾ ਕੀਤੀ ਜਾ ਸਕਦੀ ਹੈ ਜਾਂ ਬਿਲਕੁਲ ਵੀ ਪਾਲਣਾ ਨਹੀਂ ਕੀਤੀ ਜਾ ਸਕਦੀ ਹੈ।

   b. ਕੁਝ ਨਿਸ਼ਚਤ ਕਮੋਡਿਟੀਜ਼ ਦੀ ਡਿਲਿਵਰੀ ਦੇਣ ਅਤੇ/ਜਾਂ ਲੈਣ ਦੇ ਇਰਾਦੇ ਤੋਂ ਬਿਨਾਂ ਉਨ੍ਹਾਂ ਦੀ ਖਰੀਦ ਜਾਂ ਵਿਕਰੀ ਦੇ ਸਿੱਟੇ ਵਜੋਂ ਵੀ ਨੁਕਸਾਨ ਹੋ ਸਕਦਾ ਹੈ, ਅਜਿਹੀ ਸਥਿਤੀ ਵਿੱਚ, ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਨੂੰ ਲੋੜੀਂਦੀ ਕੀਮਤ ਪੱਧਰਾਂ ਦੀ ਤੁਲਨਾ ਵਿੱਚ, ਘੱਟ/ਉੱਚ ਕੀਮਤਾਂ ਤੇ ਨਿਪਟਾਨ ਕੀਤਾ ਜਾ ਸਕਦਾ ਹੈ, ਇਸ ਲਈ ਅਜਿਹੀ ਕਮੋਡਿਟੀ ਡਿਲਿਵਰੀ ਕਰਨ ਜਾਂ ਪ੍ਰਾਪਤ ਕਰਨ ਲਈ ਕੋਈ ਵੀ ਜ਼ੁੰਮੇਵਾਰੀ ਨਾ ਰੱਖੋ।

   iii. **ਵਿਆਪਕ ਸਪ੍ਰੈਡ ਦਾ ਜੋਖਮ:**

   a. ਸਪ੍ਰੈਡ ਸਭ ਤੋਂ ਉੱਤਮ ਖਰੀਦੀ ਕੀਮਤ ਅਤੇ ਸਭ ਤੋਂ ਉੱਤਮ ਵਿਕਰੀ ਦੀ ਕੀਮਤ ਦੇ ਵਿੱਚ ਦੇ ਅੰਤਰ ਨੂੰ ਦਰਸ਼ਾਉਂਦਾ ਹੈ। ਇਹ ਇੱਕ ਕਮੋਡਿਟੀ ਡੇਰਿਵੇਟਿਵਸ ਖਰੀਦਣ ਅਤੇ ਇਸ ਦੇ ਤੁਰੰਤ ਬਾਅਦ ਵਿਕਰੀ ਕਰਨ ਜਾਂ ਪ੍ਰਤੀਕੂਲ ਤੌਰ ਤੇ ਕੀਮਤਾਂ ਦੇ ਵਿੱਚ ਅੰਤਰ ਨੂੰ ਪ੍ਰਦਰਸ਼ਿਤ ਕਰਦਾ ਹੈ। ਨਿਮਨਤਮ ਤਰਲਤਾ ਅਤੇ ਉੱਚ ਅਸਥਿਰਤਾ ਦੇ ਸਿੱਟੇ ਵਜੋਂ ਘੱਟ ਤਰਲ ਜਾਂ ਗੈਰ-ਤਰਲ ਕਮੋਡਿਟੀ/ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਲਈ ਆਮ ਨਾਲੋਂ ਜ਼ਿਆਦਾ ਸਪ੍ਰੈਡ ਹੋ ਸਕਦਾ ਹੈ। ਇਹ ਬਦਲੇ ਵਿੱਚ ਬਿਹਤਰ ਕੀਮਤ ਦੀ ਸਥਾਪਨਾ ਵਿੱਚ ਰੁਕਾਵਟ ਪੈਦਾ ਕਰੇਗਾ।

iv. **ਜੋਖਮ ਨੂੰ ਘੱਟ ਕਰਨ ਵਾਲੇ ਆਦੇਸ਼:**

a. ਜ਼ਿਆਦਾਤਰ ਐਕਸਚੇਂਜਾਂ ਤੇ ਨਿਵੇਸ਼ਕਾਂ ਲਈ "ਲਿਮਿਟ ਆਰਡਰਸ" "ਸਟਾਪ ਲਾਸ ਆਰਡਰਸ" ਆਦਿ ਦੀ ਸੁਵਿਧਾ ਰਹਿੰਦੀ ਹੈ। ਅਜਿਹੇ ਆਦੇਸ਼ (ਜਿਵੇਂ ਕਿ "ਸਟਾਪ ਲਾਸ" ਆਦੇਸ਼, ਜਾਂ "ਲਿਮਿਟ" ਆਦੇਸ਼) ਨੂੰ ਰਖਣਾ ਜੋ ਹਾਨੀਆਂ ਨੂੰ ਕੁਝ ਰਕਮ ਤਕ ਸੀਮਤ ਕਰਨ ਦਾ ਇਰਾਦਾ ਰਖਦੇ ਹਨ, ਕਈ ਵਾਰੀ ਪ੍ਰਭਾਵੀ ਨਹੀਂ ਹੋ ਸਕਦੇ ਹਨ ਕਿਉਂਕਿ ਬਜ਼ਾਰ ਦੀ ਸਥਿਤੀਆਂ ਵਿੱਚ ਤੇਜ਼ ਵਾਧੇ-ਘਾਟੇ ਦੇ ਕਾਰਨ ਅਜਿਹੇ ਆਦੇਸ਼ਾਂ ਦੀ ਪਾਲਣਾ ਕਰਨਾ ਸੰਭਵ ਨਹੀਂ ਹੋ ਸਕਦਾ ਹੈ।

b. ਇੱਕ "ਬਜ਼ਾਰ" ਆਦੇਸ਼ ਦੀ ਕੀਮਤ ਤੇ ਧਿਆਨ ਦਿੱਤੇ ਬਿਨਾਂ ਪ੍ਰਤੀਕੂਲ ਤੌਰ ਤੇ ਆਦੇਸ਼ਾਂ ਦੀ ਉਪਲਬਧਤਾ ਦੇ ਅਧੀਨ ਤੁਰੰਤ ਪਾਲਣਾ ਕੀਤੀ ਜਾਵੇਗੀ ਅਤੇ ਇਹ ਕਿ, ਜੱਦਕਿ ਗਾਹਕ ਨੂੰ ਇੱਕ "ਬਜ਼ਾਰ" ਆਦੇਸ਼ ਦਾ ਤੁਰੰਤ ਅਮਲ ਪ੍ਰਾਪਤ ਹੋ ਸਕਦਾ ਹੈ, ਅਮਲ ਬਕਾਇਆ ਆਦੇਸ਼ਾਂ ਦੀਆਂ ਉਪਲਬਧ ਕੀਮਤਾਂ ਤੇ ਹੋ ਸਕਦਾ ਹੈ ਜੋ ਕੀਮਤ ਸਮੇਂ ਪ੍ਰਾਥਮਿਕਤਾ ਤੇ ਆਦੇਸ਼ ਮਾਤਰਾ ਨੂੰ ਸੰਤੁਸ਼ਟ ਕਰਦੇ ਹੋਣ । ਇਹ ਸਮਝਿਆ ਜਾ ਸਕਦਾ ਹੈ ਕਿ ਇਹ ਕੀਮਤਾਂ ਉਸ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟ ਵਿੱਚ ਅੰਤਿਮ ਟ੍ਰੇਡ ਕੀਤੇ ਗਏ ਮੁੱਲ ਜਾਂ ਸਭ ਤੋਂ ਉੱਤਮ ਕੀਮਤ ਤੋਂ ਕਾਫੀ ਭਿੰਨ ਹੋ ਸਕਦੀਆਂ ਹਨ।

c. ਇੱਕ "ਲਿਮਿਟ" ਆਦੇਸ਼ ਦੀ ਸਿਰਫ ਆਦੇਸ਼ ਲਈ ਨਿਰਦਿਸ਼ਟ "ਲਿਮਿਟ" ਕੀਮਤ ਜਾਂ ਇੱਕ ਬਿਹਤਰ ਕੀਮਤ ਤੇ ਪਾਲਣਾ ਕੀਤੀ ਜਾਵੇਗੀ। ਹਾਲਾਂਕਿ, ਗਾਹਕ ਨੂੰ ਮੁੱਲ ਸੁਰੱਖਿਆ ਪ੍ਰਾਪਤ ਹੁੰਦੀ ਹੈ ਫੇਰ ਵੀ ਇਹ ਸੰਭਾਵਨਾ ਹੈ ਕਿ ਆਦੇਸ਼ ਦੀ ਬਿਲਕੁਲ ਵੀ ਪਾਲਣਾ ਨਹੀਂ ਕੀਤੀ ਜਾ ਸਕਦੀ ਹੈ।

d. ਇੱਕ ਸਟਾਪ ਲਾਸ ਆਦੇਸ਼ ਨੂੰ ਆਮ ਤੌਰ ਤੇ ਇੱਕ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟ ਦੀ ਵਰਤਮਾਨ ਕੀਤਮ ਤੋਂ "ਅਲੱਗ" ਸਥਾਪਿਤ ਕੀਤਾ ਜਾਂਦਾ ਹੈ, ਅਤੇ ਅਜਿਹੇ ਆਦੇਸ਼ ਸਿਰਫ ਤਾਂ ਹੀ ਸਕ੍ਰਿਅ ਹੁੰਦੇ ਹਨ ਜਦੋਂ ਕਾਂਟ੍ਰੈਕਟ ਸਟਾਪ ਕੀਮਤ ਤੇ ਪਹੁੰਚਦਾ ਹੈ ਜਾਂ ਉਸ ਦੇ ਜਰੀਏ ਟ੍ਰੇਡ ਕਰਦਾ ਹੈ । ਵਿਕਰੀ ਸਟਾਪ ਆਦੇਸ਼ ਸਧਾਰਨ ਤੌਰ ਤੇ ਵਰਤਮਾਨ ਕੀਮਤ ਤੋਂ ਥੱਲੇ ਜਮਾਂ ਕੀਤੇ ਜਾਂਦੇ ਹਨ, ਅਤੇ ਖਰੀਦ ਸਟਾਪ ਆਦੇਸ਼ ਸਧਾਰਨ ਤੌਰ ਤੇ ਵਰਤਮਾਨ ਕੀਮਤ ਤੋਂ ਉੱਪਰ ਜਮਾਂ ਕੀਤੇ ਜਾਂਦੇ ਹਨ । ਜਦੋਂ ਕਾਂਟ੍ਰੈਕਟ ਪੂਰਵ-ਨਿਰਧਾਰਤ ਕੀਮਤ ਤੇ ਪਹੁੰਚ ਜਾਂਦਾ ਹੈ, ਜਾਂ ਇਸ ਤਰ੍ਹਾਂ ਦੇ ਮੁੱਲ ਤੋਂ ਹੋ ਕੇ ਟ੍ਰੇਡ ਕਰਦਾ ਹੈ ਤਾਂ ਸਟਾਪ ਲਾਸ ਆਦੇਸ਼ ਇੱਕ ਬਜ਼ਾਰ/ਲਿਮਿਟ ਆਦੇਸ਼ ਵਿੱਚ ਬਦਲ ਜਾਂਦਾ ਹੈ ਅਤੇ ਲਿਮਿਟ ਤੇ ਜਾਂ ਬਿਹਤਰ ਸਥਿਤੀ ਵਿੱਚ ਪਾਲਣਾ ਕੀਤੀ ਜਾਂਦੀ ਹੈ । ਇਸ ਗੱਲ ਦਾ ਕੋਈ ਵਿਸ਼ਵਾਸ ਨਹੀਂ ਦਵਾਇਆ ਜਾਂਦਾ ਹੈ ਕਿ ਲਿਮਿਟ ਆਦੇਸ਼ ਪਾਲਣਾ ਕਰਨ ਯੋਗ ਹੋ ਜਾਵੇਗਾ, ਹਾਲਾਂਕਿ ਇੱਕ ਕਾਂਟ੍ਰੈਕਟ ਪੂਰਵ-ਨਿਰਧਾਰਤ ਕੀਮਤ ਤੇ ਕਾਰਜ ਕਰ ਸਕਦਾ ਹੈ, ਅਜਿਹੀ ਸਥਿਤੀ ਵਿੱਚ ਅਜਿਹੇ ਆਦੇਸ਼ ਦੀ ਪਾਲਣਾ ਨਾ ਹੋਣ ਦਾ ਜੋਖਮ ਸਿਰਫ ਇੱਕ ਨੇਮਤ ਲਿਮਿਟ ਆਦੇਸ਼ ਦੇ ਰੂਪ ਵਿੱਚ ਪੈਦਾ ਹੁੰਦਾ ਹੈ।

v. **ਖਬਰਾਂ ਦੀਆਂ ਘੋਸ਼ਣਾਵਾਂ ਦਾ ਜੋਖਮ:**

a. ਵਪਾਰੀਆਂ/ਨਿਰਮਾਤਾਵਾਂ ਦੁਆਰਾ ਖਬਰਾਂ ਸਬੰਧੀ ਘੋਸ਼ਣਾਵਾਂ ਕੀਤੀਆਂ ਜਾਂਦੀਆਂ ਹਨ ਜੋ ਕਮੋਡਿਟੀ ਅਤੇ ਜਾਂ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟਸ ਦੇ ਮੁੱਲ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ । ਇਹ ਘੋਸ਼ਣਾਵਾਂ ਟ੍ਰੇਡਿੰਗ ਦੇ ਦੌਰਾਨ ਕੀਤੀਆਂ ਜਾ ਸਕਦੀਆਂ ਹਨ ਅਤੇ ਘੱਟ ਤਰਲਤਾ ਅਤੇ ਉੱਚ ਅਸਥਿਰਤਾ ਦੇ ਨਾਲ ਸੰਯੋਜਨ ਕੀਤੇ ਜਾਣ ਤੇ, ਅਚਾਨਕ ਕਮੋਡਿਟੀ/ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟਸ ਦੀ ਕੀਮਤ ਵਿੱਚ ਇੱਕ ਗੈਰ-ਉਮੀਦੀ ਸਕਾਰਾਤਮਕ ਜਾਂ ਨਕਾਰਾਤਮਕ ਹਲਚਲ ਦਾ ਕਾਰਨ ਬਣ ਸਕਦੇ ਹਨ।

vi. **ਅਫਵਾਹਾਂ ਦਾ ਜੋਖਮ:**

a. ਕਈ ਵਾਰੀ ਕਮੋਡਿਟੀ ਦੀ ਕੀਮਤ ਦੇ ਬਾਰੇ ਸ਼ਬਦਾਂ, ਅਖਬਾਰਾਂ, ਵੈੱਬਸਾਇਟਾਂ ਜਾਂ ਖਬਰਾਂ ਦੀਆਂ ਏਜੰਸੀਆਂ ਆਦਿ ਦੇ ਜ਼ਰੀਏ ਬਜ਼ਾਰ ਵਿੱਚ ਅਫਵਾਹਾਂ ਫੈਲਣ ਲੱਗ ਜਾਂਦੀਆਂ ਹਨ, ਨਿਵੇਸ਼ਕਾਂ ਨੂੰ ਇਸ ਤੋਂ ਸਤਰਕ ਰਹਿਣਾ ਚਾਹੀਦਾ ਹੈ ਅਤੇ ਅਫਵਾਹਾਂ ਦੇ ਅਧਾਰ ਤੇ ਕਾਰਜ ਕਰਨ ਤੋਂ ਬਚਣਾ ਚਾਹੀਦਾ ਹੈ।

vii. **ਪ੍ਰਣਾਲੀਗਤ ਜੋਖਮ:**

a. ਉੱਚ ਮਾਤਰਾ ਟ੍ਰੇਡਿੰਗ ਅਕਸਰ ਬਜ਼ਾਰ ਖੁੱਲ੍ਹਣ ਵੇਲੇ ਅਤੇ ਬਜ਼ਾਰ ਬੰਦ ਹੋਣ ਤੋਂ ਪਹਿਲਾਂ ਘਟਿਤ ਹੋਵੇਗੀ। ਇਸ ਤਰ੍ਹਾਂ ਦੀ ਉੱਚ ਮਾਤਰਾ ਦਿਨ ਵਿੱਚ ਕਿਸੇ ਵੀ ਸਮੇਂ ਤੇ ਹੋ ਸਕਦੀ ਹੈ। ਇਸ ਦੇ ਸਿੱਟੇ ਵਜੋਂ ਆਦੇਸ਼ ਦੀ ਪਾਲਣਾ ਕਰਨ ਜਾਂ ਪੁਸ਼ਟੀਕਰਨ ਵਿੱਚ ਦੇਰੀ ਹੋ ਸਕਦੀ ਹੈ।
b. ਅਸਥਿਰਤਾ ਦੀ ਅਵਧੀ ਦੇ ਦੌਰਾਨ, ਲਗਾਤਾਰ ਆਪਣੇ ਆਦੇਸ਼ ਦੀ ਮਾਤਰਾ ਜਾਂ ਕੀਮਤਾਂ ਨੂੰ ਸੰਸ਼ੋਧਿਤ ਕਰਨ ਜਾਂ ਨਵਾਂ ਆਦੇਸ਼ ਸਥਾਪਿਤ ਕਰਨ ਵਾਲੇ ਬਜ਼ਾਰ ਭਾਗੀਦਾਰਾਂ ਦੇ ਕਰਕੇ, ਆਦੇਸ਼ ਦੀ ਪਾਲਣਾ ਕਰਨ ਜਾਂ ਇਸ ਦੇ ਪੁਸ਼ਟੀਕਰਨ ਵਿੱਚ ਦੇਰੀ ਹੋ ਸਕਦੀ ਹੈ।
c. ਕੁਝ ਨਿਸ਼ਚਤ ਬਜ਼ਾਰ ਹਲਾਤਾਂ ਵਿੱਚ, ਇੱਕ ਉੱਚਿਤ ਕੀਮਤ ਤੇ ਜਾਂ ਸਮੁੱਚੇ ਬਜ਼ਾਰ ਵਿੱਚ ਇੱਕ ਸਥਿਤੀ ਨੂੰ ਸਮਾਪਤ ਕਰਨਾ ਉਦੋਂ ਮੁਸ਼ਕਲ ਜਾਂ ਅਸੰਭਵ ਹੋ ਸਕਦਾ ਹੈ ਜਦੋਂ ਖਰੀਦ ਪੱਖ ਜਾਂ ਵਿਕਰੀ ਪੱਖ ਦਾ ਕੋਈ ਵੀ ਆਦੇਸ਼ ਬਕਾਇਆ ਨਾ ਹੋਵੇ, ਜਾਂ ਜੇ ਅਸਧਾਰਨ ਟ੍ਰੇਡਿੰਗ ਗਤੀਵਿਧੀ ਜਾਂ ਕੀਮਤ ਦੇ ਸਰਕਿਟ ਫਿਲਟਰ ਨੂੰ ਪਾਰ ਕਰਨ ਤੇ ਜਾਂ ਕਿਸੇ ਹੋਰ ਕਾਰਨ ਕਰਕੇ ਇੱਕ ਕਮੋਡਿਟੀ ਵਿੱਚ ਟ੍ਰੇਡਿੰਗ ਨੂੰ ਰੋਕ ਦਿੱਤਾ ਗਿਆ ਹੋਵੇ।

viii. **ਪ੍ਰਣਾਲੀ/ਨੈਟਵਰਕ ਕੰਜੈਸ਼ਨ:**

a. ਆਦੇਸ਼ਾਂ ਨੂੰ ਸਥਾਪਿਤ ਕਰਨ ਅਤੇ ਰੂਟਿੰਗ ਕਰਨ ਲਈ ਸੈਟੇਲਾਇਟ/ਲੀਜ਼ਡ ਲਾਇਨ ਅਧਾਰਤ ਸੰਚਾਰ, ਤਕਨੀਕਾਂ ਅਤੇ ਕੰਪਿਊਟਰ ਪ੍ਰਣਾਲੀਆਂ ਦੇ ਸੰਯੋਜਨ ਤੇ ਅਧਾਰਤ ਇਲੈਕਟ੍ਰੋਨਿਕ ਮੋਡ ਵਿੱਚ ਐਕਸਚੇਂਜ ਤੇ ਟ੍ਰੇਡਿੰਗ ਹੁੰਦੀ ਹੈ । ਇਸ ਤਰ੍ਹਾਂ, ਉੱਥੇ ਸੰਚਾਰ ਵਿਫਲਤਾ ਜਾਂ ਪ੍ਰਣਾਲੀਗਤ ਸਮੱਸਿਆਵਾਂ ਜਾਂ ਪ੍ਰਣਾਲੀ ਤੋਂ ਹੌਲੀ ਜਾਂ ਦੇਰੀ ਨਾਲ ਪ੍ਰਤੀਕਿਰਿਆ ਜਾਂ ਟ੍ਰੇਡਿੰਗ ਨੂੰ ਰੋਕਣ ਜਾਂ ਅਜਿਹੀ ਕੋਈ ਹੋਰ ਸਮੱਸਿਆ/ਗੜਬੜੀ ਮੌਜੂਦ ਹੋ ਸਕਦੀ ਹੈ, ਜਿੱਥੇ ਟ੍ਰੇਡਿੰਗ ਪ੍ਰਣਾਲੀ/ਨੈਟਵਰਕ ਲਈ ਪਹੁੰਚ ਸਥਾਪਿਤ ਕਰਨਾ ਸੰਭਵ ਨਹੀਂ ਸੀ, ਜੋ ਨਿਯੰਤ੍ਰਣ ਤੋਂ ਬਾਹਰ ਹੋ ਸਕਦਾ ਹੈ ਅਤੇ ਜਿਸ ਦੇ ਸਿੱਟੇ ਵਜੋਂ ਆਂਸ਼ਿਕ ਜਾਂ ਸੰਪੂਰਨ ਤੌਰ ਤੇ ਖਰੀਦ ਜਾਂ ਵਿਕਰੀ ਆਦੇਸ਼ਾਂ ਨੂੰ ਕਰਨ ਜਾਂ ਨਾ ਕਰਨ ਵਿੱਚ ਦੇਰੀ ਹੋ ਸਕਦੀ ਹੈ । ਤੁਹਾਨੂੰ ਇਹ ਧਿਆਨ ਦੇਣ ਲਈ ਸਤਰਕ ਕੀਤਾ ਜਾਂਦਾ ਹੈ ਕਿ ਭਾਵੇਂ ਇਹ ਸਮੱਸਿਆਵਾਂ ਸੰਭਾਵੀ ਤੌਰ ਤੇ ਅਸਥਾਈ ਹੋ ਸਕਦੀਆਂ ਹਨ ਪਰ ਜਦੋਂ ਤੁਹਾਡੇ ਕੋਲ ਖੁੱਲ੍ਹੀ ਸਥਿਤੀ ਜਾਂ ਗੈਰ-ਅਨੁਪਾਲਣ ਆਦੇਸ਼ ਬਕਾਇਆ ਹੋਣ ਤਾਂ ਇਹ ਸਾਰੇ ਅਨੁਪਾਲਨ ਲੈਣ-ਦੇਣਾਂ ਦਾ ਨਿਪਟਾਨ ਕਰਨ ਲਈ ਤੁਹਾਡੀਆਂ ਜ਼ੁੰਮੇਵਾਰੀਆਂ ਦੇ ਕਾਰਨ ਜੋਖਮ ਦਾ ਵਹਿਣ ਕਰਦੇ ਹਨ।

2. **ਜਿੱਥੋਂ ਤਕ ਫਿਉਚਰ ਕਮੋਡਿਟੀ ਡੇਰਿਵੇਟਿਵ ਦਾ ਸਬੰਧ ਹੈ, ਕਿਰਪਾ ਕਰਕੇ ਹੇਠਾਂ ਦਿੱਤੀਆਂ ਵਾਧੂ ਸੁਵਿਧਾਵਾਂ ਤੇ ਧਿਆਨ ਦਿਓ ਅਤੇ ਇਨ੍ਹਾਂ ਤੋਂ ਖ਼ੁਦ ਨੂੰ ਜਾਣੂ ਕਰਵਾਓ:-**

   "ਲੀਵਰੇਜ" ਜਾਂ "ਗਿਅਰਿੰਗ" ਦਾ ਪ੍ਰਭਾਵ:

   a. ਮਾਰਜਨ ਦੀ ਰਕਮ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟ ਦੀ ਰਕਮ ਦਾ ਇੱਕ ਛੋਟਾ ਅਨੁਪਾਤ ਹੁੰਦੀ ਹੈ, ਇਸ ਕਰਕੇ ਲੈਣ-ਦੇਣ 'ਲੀਵਰੇਜ਼ਡ' ਜਾਂ 'ਗਿਅਰਡ' ਹੋ ਜਾਂਦੇ ਹਨ । ਕਮੋਡਿਟੀ ਡੇਰਿਵੇਟਿਵ ਟ੍ਰੇਡਿੰਗ ਜਿਸ ਨੂੰ ਮਾਰਜਨ ਦੀ ਇੱਕ ਲੋੜੀਂਦੀ ਛੋਟੀ ਰਕਮ ਦੇ ਨਾਲ ਕੀਤਾ ਜਾਂਦਾ ਹੈ, ਪ੍ਰਮੁੱਖ ਨਿਵੇਸ਼ ਰਕਮ ਦੀ ਤੁਲਨਾ ਵਿੱਚ ਜ਼ਿਆਦਾ ਫਾਇਦਾ ਜਾਂ ਹਾਨੀ ਦੀ ਸੰਭਾਵਨਾ ਪ੍ਰਦਾਨ ਕਰਦੀ ਹੈ। ਪਰ ਕਮੋਡਿਟੀ ਡੇਰਿਵੇਟਿਵ ਵਿੱਚ ਲੈਣ-ਦੇਣ ਵਿੱਚ ਉੱਚ ਪੱਧਰ ਦਾ ਜੋਖਮ ਸ਼ਾਮਲ ਹੁੰਦਾ ਹੈ। ਇਸ ਲਈ ਤੁਹਾਨੂੰ ਅਸਲ ਵਿੱਚ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਵਿੱਚ ਟ੍ਰੇਡਿੰਗ ਕਰਨ ਤੋਂ ਪਹਿਲਾਂ ਹੇਠਾਂ ਦਿੱਤੇ ਵਿਵਰਣਾਂ ਨੂੰ ਪੂਰੀ ਤਰ੍ਹਾਂ ਸਮਝਣਾ ਚਾਹੀਦਾ ਹੈ ਅਤੇ ਨਾਲ ਹੀ ਵਿਅਕਤੀ ਦੇ ਹਲਾਤਾਂ, ਵਿੱਤੀ ਸਰੋਤਾਂ ਆਦਿ ਨੂੰ ਧਿਆਨ ਵਿੱਚ ਰੱਖ ਕੇ ਸਾਵਧਾਨੀ ਦੇ ਨਾਲ ਟ੍ਰੇਡ ਕਰਨਾ ਚਾਹੀਦਾ ਹੈ।
   b. ਫਿਉਚਰ ਕਮੋਡਿਟੀ ਡੇਰਿਵੇਟਿਵਸ ਵਿੱਚ ਟ੍ਰੇਡਿੰਗ ਵਿੱਚ ਸਾਰੀਆਂ ਸਥਿਤੀਆਂ ਦਾ ਰੋਜ਼ ਨਿਪਟਾਨ ਸ਼ਾਮਲ ਹੁੰਦਾ ਹੈ । ਹਰ ਦਿਨ ਖੁੱਲ੍ਹੀਆਂ ਸਥਿਤੀਆਂ ਨੂੰ ਸਮਾਪਨ ਮੁੱਲ ਦੇ ਅਧਾਰ ਤੇ ਬਜ਼ਾਰ ਲਈ ਚਿੰਨ੍ਹਿਤ ਕੀਤਾ ਜਾਂਦਾ ਹੈ । ਜੇ ਸਮਾਪਨ ਮੁੱਲ ਤੁਹਾਡੇ ਖਿਲਾਫ ਜਾਂਦਾ ਹੈ ਤਾਂ ਤੁਹਾਡੇ ਲਈ ਇਸ ਤਰ੍ਹਾਂ ਦੇ ਵਾਧੇ ਘਾਟੇ ਦੇ ਸਿੱਟੇ ਵਜੋਂ ਹੋਣ ਵਾਲੇ ਨੁਕਸਾਨ ਦੀ (ਅਨੁਮਾਨਿਤ) ਰਕਮ ਜਮਾਂ ਕਰਨਾ ਜ਼ਰੂਰੀ ਹੋਵੇਗਾ । ਇਸ ਮਾਰਜਨ ਦਾ ਭੁਗਤਾਨ ਨਿਰਧਾਰਿਤ ਸਮੇਂ ਸੀਮਾ ਦੇ ਅੰਦਰ ਕਰਨਾ ਹੋਵੇਗਾ, ਆਮ ਤੌਰ ਤੇ ਅਗਲੇ ਦਿਨ ਟ੍ਰੇਡਿੰਗ ਸ਼ੁਰੂ ਹੋਣ ਤੋਂ ਬਿਲਕੁਲ ਪਹਿਲਾਂ।
   c. ਜੇ ਤੁਸੀਂ ਸਮੇਂ ਸੀਮਾ ਦੇ ਅੰਦਰ ਵਾਧੂ ਮਾਰਜਨ ਜਮਾਂ ਕਰਨ ਵਿੱਚ ਵਿਫਲ ਹੁੰਦੇ ਹੋ ਜਾਂ ਜੇ ਤੁਹਾਡੇ ਖਾਤੇ ਵਿੱਚ ਬਕਾਇਆ ਰਿਣ ਹੁੰਦਾ ਹੈ ਤਾਂ ਐਕਸਚੇਂਜ ਦਾ ਸਦੱਸ ਪੂਰੀ ਸਥਿਤੀ ਜਾਂ ਉਸ ਦੇ ਇੱਕ ਹਿੱਸੇ ਨੂੰ ਸਮਾਪਤ ਕਰ ਸਕਦੇ ਹਨ । ਇਸ ਮਾਮਲੇ ਵਿੱਚ, ਤੁਸੀਂ ਇਸ ਤਰ੍ਹਾਂ ਦੇ ਨਿਪਟਾਨ/ਸਮਾਪਤੀ ਦੇ ਸਿੱਟੇ ਵਜੋਂ ਹੋਣ ਵਾਲੇ ਕਿਸੇ ਵੀ ਨੁਕਸਾਨ ਲਈ ਜ਼ੁੰਮੇਵਾਰ ਹੋਵੋਗੇ।
   d. ਨਿਸ਼ਚਤ ਬਜ਼ਾਰ ਹਲਾਤਾਂ ਦੇ ਅਧੀਨ, ਨਿਵੇਸ਼ਕ ਲਈ ਅਜਿਹੇ ਲੈਣ-ਦੇਣ ਦੀ ਪਾਲਨਾ ਕਰਨਾ ਮੁਸ਼ਕਲ ਜਾਂ ਅਸੰਭਵ ਹੋ ਸਕਦਾ ਹੈ। ਉਦਾਹਰਣ ਲਈ, ਇਹ ਸਥਿਤੀ ਗੈਰ-ਤਰਲਤਾ ਵਾਂਗ ਦੇ ਕਾਰਕਾਂ ਦੇ ਕਾਰਨ ਹੋ ਸਕਦੀ ਹੈ ਭਾਵ ਜਦੋਂ ਉੱਥੇ ਨਾਕਾਫੀ ਬੋਲੀਆਂ ਜਾਂ ਪ੍ਰਸਤਾਵ ਹੁੰਦੇ ਹਨ ਜਾਂ ਕੀਮਤ ਸੀਮਾ ਜਾਂ ਸਰਕਿਟ ਬ੍ਰੇਕਰ ਆਦਿ ਦੇ ਕਾਰਨ ਟ੍ਰੇਡਿੰਗ ਦਾ ਸਥਗਨ ਕੀਤਾ ਗਿਆ ਹੋ ਸਕਦਾ ਹੈ।
   e. ਬਜ਼ਾਰ ਵਿੱਚ ਸਥਿਰਤਾ ਬਣਾਏ ਰੱਖਣ ਲਈ ਮਾਰਜਨ ਦਰ ਵਿੱਚ ਤਬਦੀਲੀ, ਨਕਦੀ ਮਾਰਜਨ ਦਰ ਵਿੱਚ ਵਾਧਾ ਆਦਿ ਕਦਮ ਚੁੱਕੇ ਜਾ ਸਕਦੇ ਹਨ । ਇਹ ਨਵੇਂ ਮਾਨਦੰਡ ਮੌਜੂਦਾ ਅਸਥਿਰ ਬਜ਼ਾਰੀ-ਰਕਮ ਤੇ ਲਾਗੂ ਕੀਤੇ ਜਾ ਸਕਦੇ ਹਨ । ਅਜਿਹੀਆਂ ਸਥਿਤੀਆਂ ਵਿੱਚ, ਤੁਹਾਨੂੰ ਵਾਧੂ ਮਾਰਜਨ ਪਾਉਣ ਜਾਂ ਆਪਣੀਆਂ ਸਥਿਤੀਆਂ ਨੂੰ ਘੱਟ ਕਰਨ ਦੀ ਲੋੜ ਹੋਵੇਗੀ।
   f. ਤੁਹਾਨੂੰ ਆਪਣੇ ਐਕਸਚੇਂਜ ਦੇ ਸਦੱਸ ਤੋਂ ਉਨ੍ਹਾਂ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟਸ ਦੀ ਪੂਰੀ ਜਾਣਕਾਰੀ ਭਾਵ ਕਾਂਟ੍ਰੈਕਟ ਦੇ ਨਿਰਦੇਸ਼ਾਂ ਅਤੇ ਉਸ ਨਾਲ ਜੁੜੀਆਂ ਜ਼ੁੰਮੇਵਾਰੀਆਂ ਬਾਰੇ ਪੂਰੀ ਜਾਣਕਾਰੀ ਉਪਲਬਧ ਕਰਾਉਣ ਦੀ ਮੰਗ ਕਰਨੀ ਚਾਹੀਦੀ ਹੈ ਜਿਨ੍ਹਾਂ ਤੇ ਤੁਸੀਂ ਟ੍ਰੇਡ ਕਰਨ ਦੀ ਯੋਜਨਾ ਬਣਾਈ ਹੈ।

3. **ਵਾਯਰਲੈਸ ਤਕਨੀਕ ਜਾਂ ਕਿਸੇ ਹੋਰ ਤਕਨੀਕ ਦੇ ਜ਼ਰੀਏ ਟ੍ਰੇਡਿੰਗ:**

   ਵਾਯਰਲੈਸ ਤਕਨੀਕ ਜਾਂ ਕਿਸੇ ਵੀ ਹੋਰ ਤਕਨੀਕ ਦੇ ਜ਼ਰੀਏ ਕਮੋਡਿਟੀ ਦੀ ਟ੍ਰੇਡਿੰਗ ਨਾਲ ਜੁੜੀਆਂ ਸੁਵਿਧਾਵਾਂ, ਜੋਖਮਾਂ, ਜ਼ੁੰਮੇਵਾਰੀਆਂ, ਫਰਜ਼ਾਂ ਅਤੇ ਦੇਣਦਾਰੀਆਂ ਨੂੰ ਪਰਿਭਾਸ਼ਿਤ ਕਰਨ ਲਈ ਕਿਸੇ ਵੀ ਵਾਧੂ ਪ੍ਰਾਵਧਾਨ ਨੂੰ ਸਦੱਸ ਦੁਆਰਾ ਗਾਹਕ ਦੇ ਧਿਆਨ ਵਿੱਚ ਲਿਆਇਆ ਜਾਣਾ ਚਾਹੀਦਾ ਹੈ।

4. ਸਧਾਰਨ:

i. **ਜਮਾਂ ਨਕਦੀ ਅਤੇ ਸੰਪੱਤੀ**
ਖਾਸ ਤੌਰ ਤੇ ਕਿਸੇ ਫਰਮ ਦੇ ਦੀਵਾਲੀਆ ਹੋ ਜਾਣ ਦੀ ਸਥਿਤੀ ਵਿੱਚ ਤੁਹਾਨੂੰ ਖੁਦ ਨੂੰ ਉਸ ਰਕਮ ਜਾਂ ਹੋਰ ਸੰਪੱਤੀਆਂ ਨਾਲ ਸਬੰਧਤ ਸੁਰੱਖਿਆਵਾਂ ਨਾਲ ਜਾਣੂ ਕਰਨਾ ਚਾਹੀਦਾ ਹੈ ਜੋ ਤੁਸੀਂ ਜਮਾਂ ਕੀਤੀਆਂ ਹੋਣ । ਤੁਸੀਂ ਜਿਸ ਸੀਮਾ ਤਕ ਆਪਣੀ ਰਕਮ ਜਾਂ ਸੰਪੱਤੀ ਦੀ ਵਸੂਲੀ ਕਰ ਸਕਦੇ ਹੋ ਉਸ ਤੇ ਖਾਸ ਕਨੂੰਨ ਜਾਂ ਸਥਾਨਕ ਨਿਯਮ ਲਾਗੂ ਹੋਣਗੇ । ਕੁਝ ਨਿਆਂ-ਖੇਤਰਾਂ ਵਿੱਚ ਸੰਪੱਤੀ, ਜਿਸ ਨੂੰ ਖਾਸ ਤੌਰ ਤੇ ਤੁਹਾਡੀ ਆਪਣੀ ਦੇ ਰੂਪ ਵਿੱਚ ਪਛਾਣਿਆ ਜਾ ਸਕਦਾ ਹੈ, ਕਿਸੇ ਕਮੀ ਦੀ ਸਥਿਤੀ ਵਿੱਚ ਵਿਤਰਣ ਦੇ ਪ੍ਰਯੋਜਨ ਨਾਲ ਨਕਦੀ ਦੇ ਸਮਾਨ ਪ੍ਰੋ-ਰੇਟਿਡ ਦਰ ਨਾਲ ਤੈਅ ਕੀਤੀ ਜਾਵੇਗੀ । ਐਕਸਚੇਂਜ ਦੇ ਸਦੱਸ ਨਾਲ ਕਿਸੇ ਵਿਵਾਦ ਦੀ ਸਥਿਤੀ ਵਿੱਚ ਉਹ ਐਕਸਚੇਂਜ ਦੇ ਨਿਯਮਾਂ, ਉਪ-ਨਿਯਮਾਂ ਅਤੇ ਕਾਰੋਬਾਰੀ ਨਿਯਮਾਂ ਦੇ ਮੁਤਾਬਕ ਸਾਲਸੀ ਦੇ ਅਧੀਨ ਹੋਣਗੇ।

ii. **ਕਮਿਸ਼ਨ ਅਤੇ ਹੋਰ ਸ਼ੁਲਕ:**
ਤੁਹਾਡੇ ਦੁਆਰਾ ਟ੍ਰੇਡ ਸ਼ੁਰੂ ਕਰਨ ਤੋਂ ਪਹਿਲਾਂ, ਤੁਹਾਨੂੰ ਸਾਰੀਆਂ ਕਮਿਸ਼ਨਾਂ, ਫੀਸਾਂ ਅਤੇ ਹੋਰ ਸ਼ੁਲਕਾਂ ਦੇ ਬਾਰੇ ਸਪਸ਼ਟ ਵਿਵਰਣ ਪ੍ਰਾਪਤ ਕਰਨਾ ਚਾਹੀਦਾ ਹੈ ਜਿਨ੍ਹਾਂ ਦੇ ਤੁਹਾਨੂੰ ਭੁਗਤਾਨ ਕਰਨੇ ਹੋਣਗੇ । ਇਹ ਸ਼ੁਲਕ ਤੁਹਾਡੇ ਮੂਲ ਫਾਇਦੇ (ਜੇ ਕੋਈ ਹੋਵੇ) ਨੂੰ ਪ੍ਰਭਾਵਿਤ ਕਰ ਸਕਦੇ ਹਨ ਜਾਂ ਤੁਹਾਡੀ ਹਾਨੀ ਨੂੰ ਵਧਾ ਸਕਦੇ ਹਨ।

iii. ਸਦੱਸਾਂ/ਅਧਿਕਾਰਤ ਵਿਅਕਤੀਆਂ/ਕਲਾਇੰਟਸ ਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਲਈ, ਕਿਰਪਾ ਕਰਕੇ *ਅਨੁਲੱਗ 3* ਨੂੰ ਦੇਖੋ।

iv. ਸ਼ਬਦ 'ਘਟਕ' ਦਾ ਭਾਵ ਹੈ ਅਤੇ ਇਸ ਵਿਚ ਸ਼ਾਮਲ ਹੈ: ਇੱਕ ਕਲਾਇੰਟ, ਇੱਕ ਗਾਹਕ ਜਾਂ ਇੱਕ ਨਿਵੇਸ਼ਕ ਜੋ ਐਕਸਚੇਂਜ ਦੁਆਰਾ ਪ੍ਰਦਾਨ ਕੀਤੇ ਗਏ ਮੈਕੇਨਿਜ਼ਮ ਦੇ ਜ਼ਰੀਏ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟ ਵਿੱਚ ਡੀਲ ਕਰਨ ਲਈ ਇੱਕ ਸਦੱਸ ਦੇ ਨਾਲ ਸੌਦਾ ਕਰਦੇ ਹਨ।

v. ਸ਼ਬਦ 'ਸਦੱਸ' ਦਾ ਭਾਵ ਹੈ ਅਤੇ ਇਸ ਵਿੱਚ ਸ਼ਾਮਲ ਹੈ: ਇੱਕ ਟ੍ਰੇਡਿੰਗ ਸਦੱਸ, ਜਾਂ ਸਦੱਸ/ਬ੍ਰੋਕਰ ਜਿਸ ਨੂੰ ਐਕਸਚੇਂਜਾਂ ਦੁਆਰਾ ਆਪਣੇ ਸਥਾਨ ਤੇ ਸਵੀਕਾਰ ਕੀਤਾ ਗਿਆ ਹੈ ਅਤੇ ਜਿਨ੍ਹਾਂ ਨੇ SEBI ਤੋਂ ਇੱਕ ਰਜਿਸਟ੍ਰੇਸ਼ਨਸਰਟੀਫਿਕੇਟ ਪ੍ਰਾਪਤ ਕੀਤਾ ਹੈ।